Punjabi:Layout 1 02/11/11 3:26 PM Page 1



# ਮਾਨਵ ਅਧਿਕਾਰਾਂ ਸੰਬੰਧੀ ਮਾਮਲਿਆਂ ਵਿੱਚ ਪੁਲੀਸ ਕਰਮੀਆਂ ਲਈ ਮਾਰਗ ਦਰਸ਼ਨ ਕਰਨ ਵਾਲੇ ਬੰਧੱਨ

सर्वे
भवन्तु सुखिनः

## ਰਾਸ਼ਟਰੀ ਮਾਨਵ ਅਧਿਕਾਰ ਕਮਿਸ਼ਨ,

Punjabi:Layout 1 02/11/11 3:26 PM Page 2

# ਮਾਨਵ ਅਧਿਕਾਰਾਂ ਸੰਬੰਧੀ ਮਾਮਲਿਆਂ ਵਿੱਚ
# ਪੁਲੀਸ ਕਰਮੀਆਂ ਲਈ ਮਾਰਗ ਦਰਸ਼ਨ
# ਕਰਨ ਵਾਲੇ ਬੰਧੱਨ

**ਰਾਸ਼ਟਰੀ ਮਾਨਵ ਅਧਿਕਾਰ ਕਮਿਸ਼ਨ,**
**ਫਰੀਦਕੋਟ ਹਾਊਸ, ਕੌਪਰ ਨਿਕਸ ਮਾਰਗ,**
**ਨਵੀਂ ਦਿੱਲੀ-110 001**

Punjabi:Layout 1 02/11/11 3:26 PM Page 3

# Guidelines for Police Personnel on Various Human Rights Issues in Punjabi

**First Edition:** 10 December 2010
© 2010 National Human Rights Commission

National Human Rights Commission
Faridkot House, Copernicus Marg, New Delhi-110 001

**Printed at : Shri Ganesh Associats**
C-83/11, Street No.-7, Mohanpuri, Moajpur, Delhi-110 053

Punjabi:Layout 1 02/11/11 3:26 PM Page 4

# ਸੂਚੀ ਪੱਤਰ


| ਲੜੀ ਨੰਬਰ | ਅਧਿਆਇ | ਪੰਨਾ ਨੰਬਰ |
|---|---|---|
| | ਪਰਸਤਾਵਨਾ | 1-3 |
| 1 | ਗਿਰਫਤਾਰੀ | 4-9 |
| 2 | ਹਿਰਾਸਤ ਵਿਚ ਰਖਣਾ | 10-12 |
| 3 | ਇਸਤਰੀਆਂ ਦੀ ਹਿਫਾਜਤ ਰਾਖੀ | 13-15 |
| 4 | ਬੱਚਿਆਂ ਦੀ ਹਿਫਾਜ਼ਤ ਰਾਖੀ | 16-19 |
| 5 | ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ ਜਾਤੀਆਂ ਦੇ ਨਾਗਰਿਕਾਂ ਦੇ ਹੱਕਾਂ ਦੀ ਰਾਖੀ | 20-22 |
| 6 | ਵਰਿਸ਼ਟ ਨਾਗਰਿਕਾਂ ਦੇ ਹੱਕਾਂ ਦੀ ਰਾਖੀ | 23-24 |
| 7 | ਘੱਟ ਗਿਣਤੀ ਵਰਗ ਦੇ ਨਾਗਰਿਕਾਂ ਦੇ ਹੱਕਾਂ ਦੀ ਰਾਖੀ | 25-27 |
| 8 | ਬੰਧੂਆ/ਧੱਕੇ ਨਾਲ ਮਜਦੂਰੀ ਕਰਾਉਣੀ ਅਤੇ ਪੁਲੀਸ | 28-30 |
| 9 | ਮੁਕਾਬਲੇ/ਮੁੱਠਭੇੜਾਂ | 31-33 |
| 10 | ਅੱਤਵਾਦ ਅਤੇ ਪੁਲੀਸ | 34-37 |

# ਪਰਸਤਾਵਨਾ

ਰਾਸ਼ਟਰੀ ਮਾਨਵ ਅਧਿਕਾਰ ਕਮਿਸ਼ਨ ਵਿਚਾਰ ਕਰਦਾ ਹੈ ਕਿ ਪੁਲੀਸ ਅਤੇ ਮਾਨਵ ਅਧਿਕਾਰ ਦੇ ਵਾਦ ਦੇ ਵਿਸ਼ੇ ਰਾਜ ਅਤੇ ਨਾਗਰਿਕਾਂ ਲਈ ਬਹੁਤ ਮਹੱਤਵ ਪੂਰਣ ਹਨ।

ਅੱਜ ਕੱਲ ਦੇ ਜਮਾਨੇ ਵਿੱਚ ਪੁਲੀਸ ਕਰਮੀਆਂ ਦਾ ਫਰਜ਼ ਕਾਨੂੰਨ ਨੂੰਮਰਿਆਦਾ ਵਿੱਚ ਰੱਖਣਾ ਅਤੇ ਅਪਰਾਧ ਨਿਵਾਰਣ ਅਤੇ ਅਪਰਾਥਦੀ ਜਾਂਚ ਕਰਨਾ ਹੈ। ਉਹ ਨਾ ਸਿਰਫ ਲੋਕਾਂ ਦੀ ਜਿੰਦਗੀ ਅਤੇ ਜਾਇਦਾਦ ਦੀ ਰਾਖੀ ਕਰਦੇ ਹਨ - ਇਕ ਮੂਲ ਮਾਨਵ ਅਧਿਕਾਰ - ਪ੍ਰੰਤੂ ਉਹਨਾਂ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਮਹੱਤਵਪੂਰਣ ਸਮਾਜਕ ਵਿਧੀ ਨਿਰਮਾਣ ਵੀ ਲਾਗੂ ਕਰਨਗੇ। ਇਸ ਵਿੱਚ ਉਨ੍ਹਾਂ ਦਾ ਟੀਚਾ ਘੱਟ ਗਿਣਤੀ ਵਰਗ ਦੇ ਨਾਗਰਿਕਾਂ ਅਤੇ ਔਰਤਾਂ ਦੇ ਖਿਲਾਫ਼ ਭੇਦ ਭਾਵ ਦੂਰ ਕਰਨਾ ਆਦਿ ਹੈ।

ਇਹੋ ਜਿਹਾ ਕੰਮ ਪੱਕੀ ਤਰ੍ਹਾਂ ਤਾਂ ਹੀ ਪੂਰਾ ਕੀਤਾ ਜਾ ਸਕਦਾ ਹੈ ਜੇ ਕਰ ਪੁਲੀਸ ਕਰਮੀ ਖਾਸ ਮਾਨਵ ਅਧਿਕਾਰਾਂ ਤੋਂ ਪੂਰੀ ਤਰ੍ਹਾਂ ਜਾਣੂ ਹੋਣ। ਉਨ੍ਹਾਂ ਨੂੰਪੂਰੀ ਤਰ੍ਹਾਂ ਖਾਸ ਮਾਨਵ ਅਧਿਕਾਰਾਂ ਦਾ ਗਿਆਨ ਹੋਵੇ। ਕੁਦਰਤੀ ਤੌਰ ਤੇ ਆਪਣੇ ਫਰਜਾਂ ਨੂੰਨਿਭਾਉਂਦੇ ਹੋਇ ਪੁਲੀਸ ਕਰਮੀਆਂ ਦਾ ਵਾਹ ਅਪਰਾਧ ਤੋਂ ਪੀੜਤ ਲੋਕਾਂ ਨਾਲ

ਅਤੇ ਉਨ੍ਹਾਂ ਲੋਕਾਂ ਨਾਲ ਜੋ ਕਾਨੂੰਨ ਦਾ ਵਿਰੋਧ ਕਰਦੇ ਹਨ, ਉਨ੍ਹਾਂ ਨਾਲ ਪੈਂਦਾ ਹੈ। ਇਸ ਲਈ ਆਪਣੇ ਫਰਜ਼ਾਂ ਨੂੰਨਿਭਾਉਂਦੇ ਵੇਲੇ ਪੁਲੀਸ ਕਰਮੀਆਂ ਨੂੰਲੋਕਾਂ ਦੇ ਹੱਕਾਂ ਦਾ ਖਿਆਲ ਬੜੀ ਸਾਵਧਾਨੀ ਨਾਲ ਰੱਖਣਾ ਚਾਹੀਦਾ ਹੈ। ਖ਼ਾਸ ਕਰ ਕੇ ਉਨ੍ਹਾਂ ਲੋਕਾਂ ਦੇ ਹੱਕਾਂ ਬਾਰੇ ਜੋ ਸਮਾਜ ਦੇ ਦੁਰਕਾਰੇ ਹੋਏ ਹਨ, ਉਨ੍ਹਾਂ ਲੋਕਾਂ ਨਾਲ ਮਾਣ ਅਤੇ ਪ੍ਰੇਮ ਨਾਲ ਬਰਤਾਉ ਕਰਨਾ ਚਾਹੀਦਾ ਹੈ।

ਦਰਿਸ਼ਟਮਾਨ ਖੇਤਰ ਵਿੱਚ ਮਾਨਵ ਅਧਿਕਾਰਾਂ ਦਾ ਮਾਣ ਕਰਨਾ ਇਕ ਹੱਕ ਦਾ ਮਸਲਾ ਹੀ ਨਹੀਂ ਬਲਕਿ ਅਸਲ ਵਿੱਚ ਇਹ ਪੁਲੀਸ ਦੀ ਕਾਨੂੰਨ ਲਾਗੂ ਕਰਨ ਵਿੱਚ, ਕਾਨੂੰਨ ਦੀ ਪਾਲਣਾ ਕਰਾਉਣ ਵਿੱਚ ਪੱਕੀ ਤਰ੍ਹਾਂ ਸਹਾਇਕ ਹੈ।

ਆਯੋਗ ਨੇ ਇਹ ਨਿਰਣਾ ਲਿਆ ਹੈ ਕਿ ਛੋਟੀ ਕਿਤਾਬ “ਮਾਨਵ ਅਧਿਕਾਰ ਸੰਬੰਧੀ ਮਾਮਲਿਆਂ ਵਿੱਚ ਪੁਲੀਸ ਕਰਮੀਆਂ ਮਾਰਗ ਦਰਸ਼ਨ ਕਰਨ ਵਾਲੇ ਬੰਧਨ” ਛਾਪੀ ਜਾਵੇ, ਜਿਹੜੇ ਕਿ ਪੁਲਿਸ ਮਹਿਕਮੇ ਦਾ ਇਕ ਵੱਡਾ ਹਿੱਸਾ ਹਨ ਅਤੇ ਬਹੁਤ ਜ਼ਿਆਦਾ ਮੌਕਿਆਂ ਤੇ ਪੁਲਿਸ ਕਰਮੀਆਂ ਨੂੰਮਨੁੱਖੀ ਹੱਕਾਂ ਦੀ ਰਾਖੀ ਲਈ ਕੰਮ ਕਰਨਾ ਪੈਂਦਾ ਹੈ। ਇਸ ਛੋਟੀ ਕਿਤਾਬ ਦਾ ਟੀਚਾ ਹੈ ਕਿ ਪੁਲਿਸ ਕਰਮੀ ਨੂੰਆਪਣੇ ਫਰਜ਼ ਪੱਕੀ ਤਰ੍ਹਾਂ ਨਿਭਾਉਣ ਵਿੱਚ ਇਹ ਕਿਤਾਬ ਸਹਾਇਕ ਹੋ ਸਕੇ।

ਆਯੋਗ ਰਿਕਾਰਡ ਵਿੱਚ ਰੱਖਣਾ ਚਾਹੇਗਾ ਕਿ ਡਾਕਟਰ ਅਪਰਨਾ ਸ਼੍ਰੀਵਾਸਤਵ, ਖੋਜ ਅਧਿਕਾਰੀ, ਰਾਸ਼ਟਰੀ ਮਨੁੱਖੀ ਹੱਕ, ਨੇ ਇਸ ਕਿਤਾਬ ਦੇ ਸੂਚੀ ਪੱਤਰ ਬਨਾਉਣ

ਵਿੱਚ ਅਤੇ ਕੁੱਝ ਅਧਿਆਇ ਲਿੱਖਣ ਵਿੱਚ ਅਤੇ ਉਨ੍ਹਾਂ ਨੂੰਸੁੱਚਝੇ ਢੰਗ ਨਾਲ ਜੋੜਨ ਵਿੱਚ ਬਹੁਤ ਹੀ ਸ਼ਲਾਘਾ ਯੋਗ ਹਿੱਸਾ ਪਾਇਆ ਹੈ। ਉਹਨਾਂ ਦਾ ਇਹ ਕੰਮ ਬਹੁਤ ਹੀ ਕੀਮਤੀ ਹੈ। ਜਾਂਚ ਡਵੀਜ਼ਨ ਦੇ ਅਧਿਕਾਰੀਆਂ ਨੇ ਦੂਜੇ ਅਧਿਆਏ ਲਿੱਖਣ ਵਿੱਚ ਬਹੁਤ ਹੀ ਵੱਡਮੁੱਲਾ ਯੋਗਦਾਨ ਪਾਇਆ ਹੈ।

ਇਹ ਕਮਿਸ਼ਨ ਸ਼੍ਰੀ ਸੁਰਿੰਦਰਪਾਲ ਸਿੰਘ, ਆਈਪੀਐਸ, ਉਪ ਮਹਾਂ ਨਿਦੇਸ਼ਕ, ਰਾਸ਼ਟਰੀ ਮਨੁੱਖੀ ਹੱਕ ਕਮਿਸ਼ਨ ਅਤੇ ਸ਼੍ਰੀ ਸੁਨੀਲ ਕਰਿਸ਼ਨਾ, ਆਈ ਪੀ ਐਸ, ਮਹਾਂ ਨਿਦੇਸ਼ਕ (ਜਾਂਚ) ਦੀ ਨਿਗਰਾਨੀ ਵਿੱਚ ਕੀਤਾ ਗਿਆ ਹੈ।



ਮਿਤੀ : 10 ਦਸੰਬਰ 2010

**ਪੀ.ਸੀ. ਸ਼ਰਮਾ**
ਮੈਂਬਰ
ਰਾਸ਼ਟਰੀ ਮਾਨਵ ਅਧਿਕਾਰ ਕਮਿਸ਼ਨ

# ਅਧਿਆਇ- 1

## ਗਿਰਫਤਾਰੀ

ਕੁੱਝ ਹਲਾਤਾਂ ਵਿੱਚ ਕਾਨੂੰਨ ਪੁਲਿਸ ਨੂੰਅਧਿਕਾਰ ਦਿੰਦਾ ਹੈ ਕਿ ਉਹ ਲੋਕਾਂ ਨੂੰਬੰਦੀ ਬਣਾ ਸਕੇ, ਗਿਰਫਤਾਰ ਕਰ ਸਕੇ। ਕਾਨੂੰਨ ਉਨ੍ਹਾਂ ਨੂੰਇਹ ਵੀ ਹੱਕ ਦਿੰਦਾ ਹੈ ਕਿ ਉਹ, ਜਿੱਥੇ ਲੋੜ ਸਮਝਣ ਗਿਰਫਤਾਰ ਕਰਨ ਲਈ ਤਾਕਤ ਦੀ ਵਰਤੋਂ ਵੀ ਕਰ ਸਕਦੇ ਹਨ।

ਅਭਿਆਸ ਤੋਂ, ਪੜ੍ਹਾਈ ਤੋਂ ਪਤਾ ਲੱਗਦਾ ਹੈ ਕਿ ਨਿਵਾਰਿਕ ਗਿਰਫਤਾਰੀਆਂ ਅਤੇ ਛੋਟੇ ਛੋਟੇ ਕਸੂਰਾਂ ਕਾਰਣ ਕੀਤੀਆਂ ਗਿਰਫਤਾਰੀਆਂ ਦੀ ਗਿਣਤੀ ਬਹੁਤ ਜਿਆਦਾ ਸੀ। ਵਿਚਾਰਾਧੀਨ ਬੰਦਿਆਂ ਦੀ ਪ੍ਰਤੀਸ਼ਤ ਅਸਾਧਾਰਣ ਤੌਰ ਤੇ ਜਿਆਦਾ ਸੀ ਅਤੇ ਉਨ੍ਹਾਂ ਵਿੱਚੋਂ ਬਹੁਤੇ ਜਿਆਦਾ ਆਪਣੀਆਂ ਜਮਾਨਤ ਨਹੀਂ ਦੇ ਸਕਦੇ ਸਨ।

ਗਿਰਫਤਾਰੀ ਅਤੇ ਨਜ਼ਰਬੰਦੀ ਉਸ ਬੰਦੇ ਦੇ ਸਨਮਾਨ ਨੂੰਬੇਸ਼ੁਮਾਰ ਨੁਕਸਾਨ ਪਹੁੰਚਾਉਂਦੀ ਹੈ। ਮੰਦੇ ਭਾਗਾਂ ਨਾਲ ਸਾਡਾ ਇਹ ਤਰੀਕਾ/ਪ੍ਰਣਾਲੀ ਉਨ੍ਹਾਂ ਲੋਕਾਂ ਨੂੰਕੋਈ ਵੀ ਮੁਆਵਜਾ ਦੇਣ ਬਾਰੇ ਕੁੱਝ ਨਹੀਂ ਕਹਿੰਦਾ ਜਿਹੜੇ ਕਿ ਅਜਾਈਂ ਫੜੇ ਜਾਂਦੇ ਹਨ।

1. ਸੀ.ਆਰ.ਪੀ.ਸੀ. ਸੈਕਸ਼ਨ 46

2. ਭਾਰਤੀ ਐਕਟ ਕਮਿਸ਼ਨ - ਗਿਰਫਤਾਰੀ ਨਾਲ ਸੰਬੰਧਿਤ ਕਾਨੂੰਨ ਤੇ ਸਲਾਹ ਕਾਗਜ਼ਾਤ, ਨਵੰਬਰ, 2000

## ਕਰਣਵਾਲੀਆਂ ਗੱਲਾਂ

1. ਇਹ ਯਕੀਨੀ ਬਣਾਉ ਕਿਸੀ ਵੀ ਮਨੁੱਖ ਜਾਂ ਔਰਤ ਨੂੰਨਿਅਮ ਰਾਹੀਂ ਅਜ਼ਾਦੀ ਦਾ ਹੱਕ ਉਸ ਤੋਂ ਖੋਇਆ ਨਾ ਜਾਵੇ, ਸਿਵਾਏ (ਨੂੰਛੱਡ ਕੇ) ਕਾਰਜ ਪ੍ਰਣਾਲੀ ਜਿਹੜੀ ਕਿ ਕਾਨੂੰਨ (ਭਾਰਤੀ ਸੰਵਿਧਾਨ ਦੀ ਆਰਟੀਕਲ 21) ਦੇ ਅਨੁਸਾਰ ਹੋਵੇ।

2. ਇਹ ਯਕੀਨੀ ਬਣਾਉ ਕਿ ਗਿਰਫਤਾਰ ਕਰਨ ਵਾਲੇ ਪੁਲਿਸ ਅਫਸਰ ਦੀ ਪਛਾਣ ਪੂਰੀ ਤਰ੍ਹਾਂ ਸਾਫ ਹੋਣੀ ਚਾਹੀਦੀ ਹੈ, ਭਾਵ ਕਿ ਉਸ ਪੁਲਿਸ ਅਫਸਰ ਕੋਲ ਇਕ ਪਲੇਟ ਹੋਣੀ ਚਾਹੀਦੀ ਹੈ ਜਿਸ ਤੇ ਉਸ ਦਾ ਨਾਂ ਅਤੇ ਔਹਦਾ ਸਾਫ ਲਿੱਖਿਆ ਹੋਵੇ (ਗਿਰਫਤਾਰੀ ਕਰਨ ਲਈ ਮਾਰਗ ਦਰਸ਼ਨ ਕਰਨ ਵਾਲੇ ਬੰਧਨਃ ਡੀ ਕੇ ਬਾਸੂ ਬਨਾਮ ਪਛਮੀ ਬੰਗਾਲ ਰਾਜ, ਏ ਆਈ ਆਰ ਐਸ ਸੀ 610)।

3. ਕਿਸੇ ਮਨੁੱਖ ਜਾਂ ਔਰਤ ਨੂੰਗਿਰਫਤਾਰ ਕਰਨ ਵੇਲੇ ਇਹ ਯਕੀਨੀ ਬਣਾਇਆ ਜਾਵੇ ਕਿ ਉਸ ਦੇ ਕਿਸੇ ਮਿੱਤਰ ਜਾਂ ਰਿਸ਼ਤੇਦਾਰ ਨੂੰਉਸ ਦੀ ਗਿਰਫਤਾਰੀ ਬਾਰੇ ਦੱਸਿਆ ਜਾਵੇ। ਇਹ ਵੀ ਦੱਸਿਆ ਜਾਵੇ ਕਿ ਉਹ ਦੀ ਗਿਰਫਤਾਰੀ ਕਿਸ ਕਾਰਣ ਕਰ ਕੇ ਹੋਈ ਹੈ ਅਤੇ ਉਸ ਨੂੰਗਿਰਫਤਾਰ ਕਰ ਕੇ ਕਿਸ ਥਾਂ ਤੇ ਰਖਿਆ ਹੋਇਆ ਹੈ। (ਸੈਕਸ਼ਨ 50-ਏ (1) ਸੀ.ਆਸ.ਪੀ.ਸੀ)

4. ਇਹ ਵੀ ਯਕੀਨੀ ਬਣਾਇਆ ਜਾਵੇ ਕਿ ਬੰਦੇ ਨੂੰਗਿਰਫਤਾਰ ਕਰਨ ਪਿੱਛੋਂ ਉਸ ਦੀ ਗਿਰਫਤਾਰੀ ਬਾਰੇ ਉਸ ਦੇ ਕਿਸੇ ਮਿਤਰ ਜਾਂ ਰਿਸ਼ਤੇਦਾਰ ਨੂੰਦਸਣ ਤੋਂ ਪਿੱਛੋਂ

ਇਸ ਬਾਰੇ ਰਿਕਾਰਡ ਵਿਚ ਸਭ ਕੁੱਝ ਦਾਖਲ ਜਾਵੇ ਪੁਲਿਸ ਸਟੇਸ਼ਨ ਦੇ ਉਸ ਰਜਿਸਟਰ ਵਿੱਚ ਜੋ ਕਿ ਇਸ ਕੰਮ ਲਈ ਨਿਰਧਾਰਤ ਕੀਤਾ ਗਿਆ ਹੈ। (ਸੈਕਸ਼ਨ 50-ਏ (3) ਸੀ.ਆਰ.ਪੀ.ਸੀ)

5. ਇਹ ਵੀ ਯਕੀਨੀ ਬਣਾਇਆ ਜਾਵੇ ਕਿ ਗਿਰਫਤਾਰੀ ਕਰਨ ਸਮੇਂ ਜੇ ਉਸ ਬੰਦੇ ਦੇ ਕੋਈ ਸੱਟ ਲੱਗੀ ਹੋਵੇ ਜਾਂ ਕੋਈ ਜਖ਼ਮ ਹੋਇਆ ਹੋਵੇ ਇਸ ਜਖਮ ਜਾਂ ਸੱਟ ਬਾਰੇ ਇਕ ਗਿਰਫਤਾਰੀ ਮੀਮੋ ਬਣਾਇਆ ਜਾਵੇ ਅਤੇ ਉਸ ਵਿੱਚ ਲਿਖਿਆ ਜਾਵੇ ਕਿ ਗਿਰਫਤਾਰ ਕੀਤੇ ਗਏ ਮਨੁੱਖ ਜਾਂ ਔਰਤ ਦੀ ਡਾਕਟਰੀ ਜਾਂਚ ਕੀਤੀ ਗਈ ਹੈ।

7. ਇਹ ਵੀ ਯਕੀਨੀ ਬਣਾਇਆ ਜਾਵੇ ਕਿ ਸੂਰਜ ਦੇ ਛਿਪਣ ਤੋਂ ਪਿੱਛੋਂ ਕਿਸੇ ਵੀ ਮਨੁੱਖ ਜਾਂ ਕਿਸੀ ਔਰਤ ਨੂੰਗਿਰਫਤਾਰ ਨਾ ਕੀਤਾ ਜਾਵੇ, ਪਰ ਕੁੱਝ ਅਸਾਧਾਰਨ ਹਲਾਤਾਂ ਵਿਚ ਗਿਰਫਤਾਰੀ ਕੀਤੀ ਜਾ ਸਕਦੀ ਹੈ। (ਸੈਕਸ਼ਨ 46 (4) ਸੀ.ਆਰ.ਪੀ.ਸੀ)

8. ਇਹ ਵੀ ਯਕੀਨੀ ਬਣਾਇਆ ਜਾਵੇ ਕਿ ਜੇ ਕਿਸੇ ਔਰਤ ਨੂੰਗਿਰਫਤਾਰ ਕਰਨਾ ਹੈ ਤਾਂ ਉਸ ਵੇਲੇ ਨਾਲ ਕੋਈ ਇਸਤਰੀ ਪੁਲਿਸ ਅਫਸਰ ਜਰੂਰ ਹੋਣੀ ਚਾਹੀਦੀ ਹੈ ਅਤੇ ਤੱਦ ਹੀ ਕਿਸੇ ਔਰਤ ਨੂੰਗਿਰਫਤਾਰ ਕਰਨਾ ਚਾਹੀਦਾ ਹੈ। ਔਰਤ ਪੁਲਿਸ ਅਫਸਰ ਤੋਂ ਬਿਨਾ ਕਿਸੇ ਔਰਤ ਨੂੰਗਿਰਫਤਾਰ ਨਹੀਂ ਕਰਨਾ ਚਾਹੀਦਾ।

9. ਇਹ ਯਕੀਨੀ ਬਣਾਇਆ ਜਾਵੇ ਕਿ ਕਿਸੇ ਵੀ ਹਾਲਾਤਾਂ ਵਿੱਚ ਜੇ ਕਿਸੇ ਬੱਚੇ ਜਾਂ ਗਭਰੂ ਨੂੰਗਿਰਫਤਾਰ ਕਰਨਾ ਹੈ ਤਾਂ ਉਸ ਨਾਲ ਬੱਲ ਨਾ ਵਰਤਿਆ ਜਾਵੇ ਅਤੇ ਉਸ ਦੀ ਕੋਈ ਕੁਟਮਾਰ ਨਾ ਕੀਤੀ ਜਾਵੇ। ਜਦੋਂ ਵੀ ਕਿਸੇ ਬੱਚੇ ਜਾਂ ਗਭਰੂ ਨੂੰਗਿਰਫਤਾਰ ਕਰਨਾ ਹੋਵੇ ਉਸ ਵੇਲੇ ਕਿਸੇ ਇਜੱਤ ਮਾਣ ਵਾਲੇ ਬੰਦੇ ਨੂੰਨਾਲ ਲਿਆ ਜਾਵੇ। ਇਹ ਜ਼ਰੂਰੀ ਹੈ।

10. ਗਿਰਫਤਾਰ ਕੀਤੇ ਗਏ ਬੰਦੇ ਦੀ ਮਾਨਵ ਪਰਤਿਸ਼ਠਾ ਦੀ ਰਾਖੀ ਕਰਣੀ ਚਾਹੀਦੀ ਹੈ। ਕਿਸੇ ਵੀ ਗਿਰਫਤਾਰ ਕੀਤੇ ਗਏ ਬੰਦੇ ਦੀ ਲੋਕਾਈ ਸਾਹਮਣੇ, ਆਮ ਜਨਤਾ ਸਹਾਮਣੇ ਕਵਾਇਦ ਕਰਾਉਣ ਦੀ ਆਗਿਆ ਨਹੀਂ ਦੇਣੀ ਚਾਹੀਦੀ।

11. ਕਿਸੇ ਵੀ ਮਨੁੱਖ ਜਾ ਔਰਤ ਨੂੰਗਿਰਫਤਾਰ ਕਰ ਕੇ ਉਸ ਦੇ ਸ਼ਰੀਰ ਦੀ ਤਲਾਸ਼ੀ ਕਰਨ ਸਮੇਂ ਉਸ ਦੀ ਪਰਤਿਸ਼ਠਾ ਦਾ ਮਾਣ ਕਰਨਾ ਚਾਹੀਦਾ ਹੈ। ਔਰਤਾਂ ਦੀ ਤਲਾਸ਼ੀ ਸਿਰਫ਼ ਦੂਜੀ ਔਰਤ ਨੂੰਹੀ ਕਰਨੀ ਚਾਹੀਦੀ ਹੈ ਅਤੇ ਤਲਾਸ਼ੀ ਕਰਨ ਸਮੇਂ ਮਰਯਾਦਾ/ਸਦਾਚਾਰ ਨੂੰਸਖਤੀ ਨਾਲ ਧਿਆਨ ਰਖਣਾ ਚਾਹੀਦਾ ਹੈ। ਔਰਤ ਨੂੰਗਿਰਫਤਾਰ ਕਰਨ ਵੇਲੇ ਜਾਂ ਮਨੁੱਖ ਨੂੰਗਿਰਫਤਾਰ ਕਰਨ ਵੇਲੇ ਬੇਲੋੜਾ ਬਲ ਨਹੀਂ ਵਰਤਣਾ ਚਾਹੀਦਾ ਅਤੇ ਉਸਦੇ/ਉਸਦੀ ਪਰਦੇ/ਰਹਸ ਦੇ ਹੱਕ ਨੂੰਮਾਣ ਦੇਣਾ ਚਾਹੀਦਾ ਹੈ। (ਸੈਕਸ਼ਨ 51 (2) ਸੀ.ਆਸ.ਪੀ.ਸੀ)

12. ਜੇ ਕਰ ਗਿਰਫਤਾਰ ਕੀਤੇ ਗਏ ਬੰਦੇ ਦਾ ਅਪਰਾਧ ਕੀਤਾ ਇਹੋ ਜਿਹਾ ਹੈ

ਕਿ ਉਸ ਨੂੰਗਿਰਫਤਾਰ ਕੀਤੇ ਗਏ ਮਨੁੱਖਾਂ ਜਾਂ ਔਰਤਾ ਨੂੰਦੱਸਿਆ ਜਾਵੇ ਕਿ ਉਹ ਮਨੁਖ ਜਾਂ ਔਰਤ ਜਮਾਨਤ ਤੇ ਛੱਡਿਆ ਜਾ ਸਕਦਾ ਹੈ ਤਾਂ ਕਿ ਉਹ ਆਦਮੀ ਜਾਂ ਔਰਤ ਆਪਣੀ ਜਮਾਨਤ ਲਈ ਬੰਦੋਬਸਤ ਕਰ ਸਕੇ।

13. ਪੁਲਿਸ ਕੰਟਰੇਲ ਰੂਮ ਨੂੰਅਤੇ ਜਿਲਾ/ਰਾਜ ਹੈਡਕਵਾਟਰ ਨੂੰਦੱਸਿਆ ਜਾਵੇ ਕਿ ਗਿਰਫਤਾਰ ਕੀਤਾ ਗਿਆ ਆਦਮੀ ਜਾਂ ਔਰਤ ਕਿਸ ਥਾਂ ਉਪਰ ਰੱਖੇ ਗਏ ਹਨ।

## ਨਾ ਕਰਣ ਵਾਲੀਆਂ ਗੱਲਾਂ

1. ਕਿਸੇ ਵੀ ਬੰਦੇ ਨੂੰਵਾਰੰਟਾਂ ਤੋਂ ਬਿਨਾ ਗਿਰਫਤਾਰ ਨਾ ਕਰੋ ਜਦ ਤਕ ਇਹ ਵਾਜਬ/ਜਾਇਜ ਸੰਤੁਸ਼ਟਤਾ ਨਾ ਹੋਵੇ, ਜਾਂਚ/ਪੜਤਾਲ ਕਰਨ ਤੋਂ ਪਿੱਛੋਂ, ਕਿ ਉਹ ਆਦਮੀ ਜਾਂ ਔਰਤ ਨੇ ਮਸਾਯਤਯੋਗ/ਮੁਦਾਖਲਤ ਯੋਗ ਅਪਰਾਧ ਕੀਤਾ ਹੈ ਅਤੇ ਉਸ ਦੀ ਗਿਰਫਤਾਰੀ ਦੀ ਕੋਈ ਜਰੂਰਤ ਨਹੀਂ ਹੈ। (ਸੈਕਸ਼ਨ 41 ਸੀ.ਆਸ.ਪੀ.ਸੀ)

2. ਕਿਸੇ ਬੰਦੇ ਨੂੰਗਿਰਫਤਾਰ ਨਾ ਕਰੋ ਤਕ ਕਿ ਉਸਨੂੰਕਿਸੇ ਦੂਸਰੀ ਤਰਾਂ ਅਪਰਾਧ ਕਰਨੋ ਨਾ ਰੋਕਿਆ ਜਾ ਸਕੇ (ਸੈਕਸ਼ਨ 151ਸੀ.ਆਸ.ਪੀ.ਸੀ)

3. ਕਿਸੇ ਬੰਦੇ ਨੂੰਹਿਰਾਸਤ ਵਿੱਚ ਰੱਖਣ ਲਈ ਲੋੜ ਤੋਂ ਵੱਧ ਬੱਲ ਨਹੀਂ

ਵਰਤਣਾ ਚਾਹੀਦਾ। (ਸੈਕਸ਼ਨ 49 ਸੀ.ਆਸ.ਪੀ.ਸੀ) (ਆਰਟੀਕਲ 21 ਭਾਰਤੀਆਂ ਸੰਵਿਧਾਨ ਦਾ)

4. ਕਿਸੇ ਔਰਤ ਨੂੰਜਾਂ ਕਿਸੇ ਆਦਮੀ ਨੂੰਜਿਸਦੀ ਉਮਰ ਪੰਦਰਾਂ ਸਾਲਾਂ ਤੋਂ ਘੱਟ ਹੋਵੇ ਅਤੇ ਉਹ ਕਿਸੇ ਮਾਮਲੇ ਨਾਲ ਸੰਬੰਧ ਰੱਖਦਾ ਹੋਵੇ, ਉਨ੍ਹਾਂ ਨੂੰਥਾਣੇ ਵਿੱਚ ਨਹੀਂ ਕਰਨਾ ਚਾਹੀਦਾ। ਇਹੋ ਜਿਹੇ ਕਿਸੇ ਆਦਮੀ ਜਾਂ ਔਰਤ ਤੋਂ ਜੇ ਪੁੱਛਗਿੱਛ ਕਰਨੀ ਹੋਵੇ ਤਾਂ ਪੁਲਿਸ ਅਫਸਰ ਨੂੰਉਨ੍ਹਾਂ ਦੇ ਘਰ ਜਾ ਕੇ ਪੁੱਛ ਗਿੱਛ ਕਰਨੀ ਚਾਹੀਦੀ ਹੈ। (ਸੈਕਸ਼ਨ 160 (1) ਸੀ.ਆਸ.ਪੀ.ਸੀ)

5. ਕਿਸੇ ਵੀ ਗਿਰਫਤਾਰ ਕੀਤੇ ਗਏ ਬੰਦੇ ਨੂੰ24 ਘੰਟੇ ਤੋਂ ਵੱਧ ਹਿਰਾਸਤ ਵਿੱਚ ਨਾ ਰਖਿਆ ਜਾਵੇ ਬਗੈਰ ਕਿਸੇ ਮੈਜਿਸਟਰੇਟ ਦੇ ਹੁਕਮਾਂ ਤੋਂ (ਸੈਕਸ਼ਨ 57 ਸੀ.ਆਸ.ਪੀ.ਸੀ)

6. ਕਿਸੇ ਵੀ ਗਿਰਫਤਾਰ ਕੀਤੇ ਗਏ ਬੰਦੇ ਨੂੰਹੱਥਕੜੀਆਂ ਜਾਂ ਬੇੜੀਆਂ ਨਹੀਂ ਲਾਉਣੀਆਂ ਚਾਹੀਦੀਆਂ ਜਦ ਤਕ ਕਿ ਕਚੈਹਰੀ ਤੋਂ ਲਿਖਤੀ ਰੂਪ ਵਿੱਚ ਹੁਕਮ ਨਾ ਹਾਸਲ ਕਰ ਲਏ ਜਾਣ।

❖❖❖

# ਅਧਿਆਇ-2

## ਹਿਰਾਸਤ ਵਿੱਚ ਰਖਣਾ

ਜੇ ਕਰ ਪੁਲਿਸ ਕਿਸੇ ਬੰਦੇ ਨੂੰਆਪਣੀ ਹਿਰਾਸਤ ਵਿੱਚ ਰੱਖਦੀ ਹੈ, ਭਾਵੇ ਉਹ ਉਸਦੀ ਪਛਾਣ ਜਾਂ ਸਨਾਖਤ ਲਈ ਰਖਿਆ ਹੋਵੇ ਜਾਂ ਉਸਦੇ ਸ਼ਰਾਬ ਪੀਣ ਖਾਣ ਰਖਿਆ ਹੋਵੇ ਆਦਿ ਉਹ ਬੰਦਾ ਪੁਲਿਸ ਦੀ ਸਪੁਰਦਗੀ / ਨਿਗਰਾਨੀ ਵਿੱਚ ਹੁੰਦਾ ਹੈ। ਇਸ ਲਈ ਉਹ ਗਵਰਨਮੈਂਟ/ਰਾਜ ਦੀ ਸੰਭਾਲ ਵਿੱਚ ਹੁੰਦਾ ਹੈ। ਗਵਰਨਮੈਂਟ/ਰਾਜ ਦੀ ਇਹ ਜਿੰਮੇਵਾਰੀ ਹੁੰਦੀ ਹੈ ਕਿ ਜੋ ਵੀ ਬੰਦਾ ਉਹਨਾਂ ਦੀ ਹਿਰਾਸਤ ਵਿੱਚ ਹੋਵੇ ਉਨ੍ਹਾਂ ਹਿਰਾਸਤ ਵਿੱਚ ਰੱਖੇ ਗਏ ਬੰਦਿਆਂ ਦੇ ਮਾਨਵ ਅਧਿਕਾਰਾ ਦੀ ਰੱਖਿਆ ਕਰਨੀ ਗਵਰਨਮੈਂਟ/ਰਾਜ ਦੀ ਜਿੰਮੇਵਾਰੀ ਹੁੰਦੀ ਹੈ।

## ਕਰਨ ਯੋਗ ਗੱਲਾਂ

1. ਜੇ ਕਿਸੇ ਬੰਦੇ ਨੂੰਪੁੱਛ ਗਿੱਛ ਲਈ ਬਲਾਉਣਾ ਹੈ ਤਾਂ ਇਹ ਯਕੀਨੀ ਬਨਾਉਣਾ ਚਾਹੀਦਾ ਹੈ ਕਿ ਉਸ ਨੂੰਬਲਾਉਣ ਤੋਂ ਪਹਿਲਾਂ ਉਸਨੂੰਲਿਖਤੀ ਵਿੱਚ ਰੁੱਕਾ ਭੇਜਿਆ ਜਾਵੇ (ਸੈਕਸ਼ਨ 160 (1) ਸੀ.ਆਸ.ਪੀ.ਸੀ)

2. ਇਹ ਯਕੀਨੀ ਬਣਾਉ ਕਿ ਜੋ ਵੀ ਬੰਦਾ ਪੁਲਿਸ ਹਿਰਾਸਤ ਵਿੱਚ ਰੱਖਿਆ

ਗਿਆ ਹੈ ਉਸ ਦੇ ਪਰਵਾਰ ਦੇ ਸੰਬੰਧ ਜਾਂ ਉਸ ਦੇ ਮਿਤਰਾਂ ਨੂੰਦਸਿਆ ਜਾਵੇ ਕਿ ਉਹ ਕਿਸ ਥਾਂ ਤੇ ਰਖਿਆ ਗਿਆ ਹੈ।

3. ਜਦੋਂ ਵੀ ਕਿਸੇ ਬੰਦੇ ਨੂੰਪੁਲਿਸ ਸਟੇਸ਼ਨ ਵਿੱਚ ਹਿਰਾਸਤ ਵਿੱਚ ਰਖਿਆ ਜਾਂਦਾ ਹੈ, ਇਹ ਯਕੀਨੀ ਬਨਾਉਣਾ ਚਾਹੀਦਾ ਹੈ ਕਿ ਇਸ ਬਾਰੇ ਪੁਲਿਸ ਸਟੇਸ਼ਨ ਵਿੱਚ ਜਨਰਲ ਡਇਰੀ ਵਿਚ ਦਾਖਲਾ ਕਰਨਾ ਚਾਹੀਦਾ ਹੈ ਤਾ ਕਿ ਲਿਕਤੀ ਰਿਕਾਰਡ ਮਿਲ ਸਕੇ।

4. ਜੇ ਕਿਸੇ ਬੰਦੇ ਨੂੰਹਿਰਾਸਤ ਵਿਚ ਰਖਿਆ ਹੋਵੇ ਕਿਸੇ ਪੁਲਿਸ ਸਟੇਸ਼ਨ ਵਿਚ ਅਤੇ ਉਸ ਨੂੰਡਾਕਟਰੀ ਕਿਸੇ ਡਾਕਟਰੀ ਦਵਾ ਦਾਰੂ ਦੀ ਲੋੜ ਹੋਵੇ ਤਾਂ ਇਹ ਯਕੀਨੀ ਬਨਾਉਣਾ ਚਾਹੀਦਾ ਹੈ ਕਿ ਉਸ ਨੂੰਲੋੜੀਂਦੀ ਦਵਾ ਦਾਰੂ ਦਿਵਾਈ ਜਾਵੇ।

5. ਹਿਰਾਸਤ ਵਿੱਚ ਰੱਖੇ ਗਏ ਬੰਦਿਆਂ ਨਾਲ ਉਨਾਂ ਦੀ ਪਰਤਿਸ਼ਠਾ ਨੂੰਧਿਆਨ ਵਿੱਚ ਰੱਖ ਕੇ ਇਨਸਾਨਾ ਵਾਲਾ ਵਰਤਾਵ ਕੀਤਾ ਜਾਵੇ।

## ਨਾ ਕਰਨ ਜੋਗ ਗੱਲਾਂ

1. ਹਿਰਾਸਤ ਵਿੱਚ ਰਖੇ ਗਏ ਕਿਸੇ ਬੰਦੇ ਨੂੰਮਾਨਸਿਕ ਤਸੀਹੇ ਨਾ ਦਿਓ। ਉਸ ਦੀ ਕੱਟ ਮਾਰ ਨਾ ਕੀਤੀ ਜਾਵੇ। ਉਸ ਨਾਲ ਅਣਮਨੁਖੀ ਬਰਤਾਉ ਨਾ ਕੀਤਾ ਜਾਵੇ ਜਾਂ ਉਸ ਨੂੰਕੋਈ ਸਜਾ ਨਾ ਦਿੱਤੀ ਜਾਵੇ। ਉਸ ਤੇ ਕੋਈ ਜੁਲਮ ਨਾ ਕੀਤਾ ਜਾਵੇ।

2. ਹਿਰਾਸਤ ਵਿੱਚ ਰੱਖੇ ਗਏ ਬੰਦੇ ਨੂੰਮਜਬੂਰ ਨਾ ਕੀਤਾ ਜਾਵੇ ਕਿ ਉਸਨੂੰਆਪਣਾ ਅਪਰਾਧ ਕਬੂਲ ਕਰਨਾ ਪਵੇ ਜਾਂ ਉਸ ਨੂੰਮਜਬੂਰ ਹੋ ਕੇ ਕਿਸੇ ਹੋਰ ਬੰਦੇ ਦੇ ਖਿਲਾਫ ਸਬੂਤ ਦੇਣੇ ਪੈਣ, ਗਵਾਹੀ ਦੇਣੀ ਪਵੇ ਜਾਂ ਸਿੱਧ ਕਰਨਾ ਹੋਵੇ

3. ਪੁੱਛਗਿੱਛ ਦੇ ਬਹਾਨੇ ਕਿਸੇ ਬੰਦੇ ਨੂੰਲੰਮੇ ਸਮੇਂ ਲਈ ਹਿਰਾਸਤ ਵਿੱਚ ਨਹੀਂ ਰੱਖਣਾ ਚਾਹੀਦਾ ਕਿਉਂਕਿ ਇਹ ਕਸ਼ਟ ਦੇਣ ਵਾਲੀ ਅਤੇ ਨਾਜਾਇਜ ਹਿਰਾਸਤ ਬਣ ਜਾਵੇਗੀ।

ੳ. ਭਾਰਤ ਦੇ ਕਾਨੂੰਨੀ ਆਯੋਗ ਕਾਨੂੰਨ ਉਪਰ ਸੋਚ ਵਿਚਾਰ ਪੇਪਰ ਗਿਰਫਤਾਰੀ ਕਰਨ ਬਾਰੇ - ਨਵੰਬਰ 2000

❖❖❖

# ਅਧਿਆਇ 3

## ਇਸਤਰੀਆਂ ਦੀ ਹਿਫਾਜ਼ਤ ਰਾਖੀ

ਭਾਰਤ ਦਾ ਸੰਵਿਧਾਨ ਇਸਤਰੀਆਂ ਨੂੰਬਰਾਬਰੀ ਦਾ ਦਰਜਾ ਦੇਣ ਦੀ ਜਿੰਮੇਵਾਰੀ ਲੈਂਦਾ ਹੈ, ਜਾਂ ਬਰਾਬਰੀ ਦਾ ਦਰਜਾ ਦਿੰਦਾ ਹੈ। ਭਾਰਤ ਵਿੱਚ ਕਾਨੂੰਨ ਨੂੰਬਣਾਏ ਰੱਖਣ ਲਈ, ਬਰਕਰਾਰ ਰੱਖਣ ਲਈ ਇਸਤਰੀਆਂ ਦੇ ਵਿਰੁਥਅਪਰਾਥਇਕ ਬਹੁਤ ਹੀ ਮਹਤੱਵ ਪੂਰਣ ਮਸਲਾ ਹੈ।

## ਕਰਨ ਵਾਲੀਆਂ ਗੱਲਾਂ

1. ਇਹ ਯਕੀਨੀ ਬਣਾਉ ਕਿ ਇਕ ਇਸਤਰੀ ਦੀ ਤਲਾਸ਼ੀ ਸਿਰਫ਼ ਇਕ ਇਸਤਰੀ ਕੋਲੋਂ ਹੀ ਕਰਵਾਈ ਜਾਵੇ ਅਤੇ ਉਸ ਇਸਤਰੀ ਦੀ ਮਰਿਆਦਾ/ਸਦਾਚਾਰ ਅਤੇ ਰਹਸ/ਲੁਕਾ ਦਾ ਧਿਆਨ ਰਖਿਆ ਜਾਵੇ। (ਸੈਕਸ਼ਨ 51 (2) ਸੀ.ਆਸ.ਪੀ.ਸੀ)

2. ਇਹ ਧਿਆਨ ਰਖਿਆ ਜਾਵੇ ਕਿ ਸ਼ੱਕ ਵਿੱਚ ਫੜੀ ਗਈ ਇਸਤਰੀ ਨੂੰਅਲਗ ਹਵਾਲਾਤ ਵਿੱਚ ਰਖਿਆ ਜਾਵੇ, ਪੁਲਿਸ ਸਟੇਸ਼ਨ ਦੀ ਹਵਾਲਾਤ ਵਿੱਚ

3. ਕੁਲ ਮਿਲਾ ਕੇ ਇਸਤਰੀਆਂ ਦੇ ਖਿਲਾਫ ਜੁਰਮ ਦੀਆਂ 1,85,312 ਘਟਨਾਵਾਂ ਹੋਈਆਂ ਹਨ। ਦੋਨਾ-ਆਈ ਪੀ ਸੀ ਅਤੇ ਐਮ ਐਲ ਐਲ ਦੇ ਅਧੀਨ) ਜਿਹੜੀਆਂ ਕਿ ਸਨ 2007 ਵਿੱਚ ਸਾਰੇ ਦੇਸ਼ ਵਿੱਚ ਜਿਹਨਾਂ ਦੀ ਖਬਰ ਦਿੱਤੀ ਗਈ

4. ਸੈਕਸ਼ਨ 5 - ਘਰੇਲੂ ਹਿੰਸਾ ਤੋਂ ਇਸਤਰੀਆਂ ਦਾ ਬਚਾਉ ਅਧਿਨਿਅਮ 2005

ਅਕੇਲੀ ਨੂੰਅਲਗ ਰਖਿਆ ਜਾਵੇ (ਸੁਪਰੀਮ ਕੋਰਟ ਦਾ ਫੈਸਲਾ ਸ਼ੀਲਾ ਬਰਸੇ ਬਨਾਮ ਮਹਾਰਾਸ਼ਟਰਾ ਰਾਜ)

3. ਜਿੱਥੋਂ ਤੱਕ ਸੰਭਵ ਹੋ ਸਕੇ ਜਦੋਂ ਵੀ ਕਿਸੇ ਇਸਤਰੀ ਨੂੰਗਿਰਫਤਾਰ ਕਰਨਾ ਹੋਵੇ ਤੋਂ ਉਸ ਵੇਲੇ ਕਿਸੇ ਇਸਤਰੀ ਪੁਲਿ ਅਫਸਰ ਨੂੰਨਾਲ ਲਿਜਾਇਆ ਜਾਵੇ। (ਸੈਕਸ਼ਨ 51 (2) ਸੀ.ਆਸ.ਪੀ.ਸੀ)

4. ਜਦੋਂ ਵੀ ਤੁਹਾਡੇ ਧਿਆਨ ਵਿੱਚ ਕੋਈ ਘਰੇਲੂ ਤਸ਼ਦੱਦ ਦਾ ਦਰਿਸ਼ਟਾਂਤ ਆਉਂਦਾ ਹੈ ਜਾਂ ਤੁਹਾਨੂੰਉਸ ਦਰਿਸ਼ਟਾਂਤ ਬਾਰੇ ਪਤਾ ਲਗਦਾ ਹੈ ਤਾਂ ਤੁਹਾਨੂੰਇਸ ਬਾਰੇ ਪੁਲਿਸ ਥਾਣੇ ਦੇ ਐਸ ਐਚ ਓ (ਸਟੇਸ਼ਨ ਹਾਊਸ ਆਫੀਸਰ) ਨੂੰਦੱਸ ਦੇਣਾ ਚਾਹੀਦਾ ਹੈ।

5. ਅਪਰਾਧ ਤੋਂ ਪੀੜਤ ਇਸਤਰੀਆਂ ਨਾਲ, ਖਾਸ ਕਰ ਕੇ ਬਲਾਤਕਾਰ ਅਤੇ ਛੇੜਛਾੜ ਮਾਮਲਿਆਂ ਵਿੱਚ, ਹਮਦਰਦੀ ਵਾਲਾ ਵਰਤਾਵ ਕਰੋ ਅਤੇ ਉਹਨਾਂ ਦੇ ਰਹਿਸ/ਲੁਕਾ ਦਾ ਮਾਣ/ਇੱਜਤ ਕਰੋ।

6. ਘਰੇਲੂ ਹਿੰਸਾ ਦੇ ਮਾਮਲਿਆਂ ਵਿੱਚ ਪੀੜਤ ਇਸਤਰੀ ਨੂੰਦੱਸੋ ਉਸ ਦੇ ਹੱਕ ਬਾਰੇ ਕਿ ਉਹ ਕਿਸ ਤਰ੍ਹਾਂ ਰਖਿਆ ਹੁਕਮ ਦੇ ਰਾਹੀਂ ਆਰਥਕ ਸਹਾਇਤਾ ਲੈ ਸਕਦੀ ਹੈ।

## ਨਾ ਕਰਨ ਵਾਲਿਆਂ ਗੱਲਾਂ

1. ਕਿਸੇ ਮੁਆਮਲੇ/ਕੇਸ ਨਾਲ ਸੰਬੰਧ ਰੱਖਣ ਵਾਲੀ ਇਸਤਰੀ ਨੂੰਪੁਲਿਸ ਸਟੇਸ਼ਨ ਉਪਰ ਨਾ ਬੁਲਾਓ। ਕਿਸੇ ਇਸਤਰੀ ਦੀ ਪੁੱਛਗਿੱਛ ਸਿਰਫ ਉਸਦੇ ਘਰ ਉਪਰ ਹੀ ਕੀਤੀ ਜਾ ਸਕਦੀ ਹੈ। (ਸੈਕਸ਼ਨ 160 (1) ਸੀ.ਆਰ.ਪੀ.ਸੀ)

2. ਕਿਸੇ ਵੀ ਇਸਤਰੀ ਨੂੰਸੂਰਜ ਛੁਪਣ ਤੋਂ ਪਿੱਛੋਂ ਅਤੇ ਸੂਰਜ ਚੜਣ ਤੋਂ ਪਹਿਲਾਂ ਹਿਰਾਸਤ ਵਿੱਚ ਨਾ ਲਓ, ਸਿਰਫ਼ ਅਸਾਧਾਰਨ ਹਾਲਾਤਾਂ ਨੂੰਛੱਡ ਕੇ।

❖❖❖

# ਅਧਿਆਇ 4

## ਬੱਚਿਆਂ ਦੀ ਹਿਫਾਜ਼ਤ ਰਾਖੀ

ਭਾਰਤ ਦਾ ਸੰਵਿਧਾਨ - ਭਾਗ ਤੀਜਾ (ਪਰਧਾਨ/ਮੂਲ ਹਕ) ਅਤੇ ਭਾਗ ਚਾਰ (ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ) ਵਿੱਚ ਬੱਚਿਆਂ ਦੇ ਬਚਾਉ, ਵਿਕਾਸ/ਤਰੱਕੀ ਅਤੇ ਰਖਿਆ ਬਾਰੇ ਵਿਵਸਥਾ ਹੈ ਕਿਸ਼ੋਰਨਿਆ (ਬੱਚਿਆਂ ਦੀ ਦੇਖ ਭਾਲ ਅਤੇ ਰਾਖੀ) ਅਧਿਨਿਅਮ 2000 ਵਿੱਚ ਵਿਵਸਥਾ ਹੈ ਸਾਰੇ ਭਾਰਤ ਵਿਚ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਬਚਾਉ। ਰਾਖੀ ਬਾਰੇ ਇਕ ਸਮਾਨ ਕਾਨੂੰਨੀ ਢਾਂਚਾ ਲਿਖਿਆ ਹੋਇਆ ਹੈ।

### ਕਰਨਜੋਗ ਗੱਲਾਂ

1. ਬੱਚਿਆਂ ਨਾਲ ਨਰਮੀ ਨਾਲ ਸਲੂਕ ਕਰੋ ਅਤੇ ਉਹਨਾਂ ਕੋਲੋਂ ਪੁੱਛਗਿੱਛ ਕਰਨ ਵੇਲੇ ਉਹਨਾਂ ਦੇ ਸ਼ਹਿਰੀ ਕਪੜੇ ਪਾਏ ਹੋਣੇ ਚਾਹੀਦੇ ਹਨ।

2. ਜੇ ਕਿਸੇ ਬੱਚੇ ਤੋਂ ਪੁੱਛਗਿੱਛ ਕਰਨੀ ਹੈ ਤਾਂ ਉਸ ਕੋਲੋਂ ਉਸ ਥਾਂ ਉਪਰ ਪੁੱਛ ਗਿੱਛ ਕਰਨੀ ਚਾਹੀਦੀ ਹੈ ਜਿਥੇ ਉਹ ਰਹਿੰਦਾ ਹੈ। (ਸੈਕਸ਼ਨ 160 ਸੀ.ਆਰ.ਪੀ.ਸੀ)

3. ਜਰੂਰੀ ਤੌਰ ਤੇ ਇਹ ਯਕੀਨੀ ਬਨਾਉਣਾ ਚਾਹੀਦਾ ਹੈ ਕਿ ਜਦੋ ਵੀ ਪੁਲਿਸ ਕਿਸੇ ਕਿਸ਼ੋਰ ਨੂੰਕਾਨੂੰਨੀ ਝਗੜੇ ਕਾਰਨ ਪਕੜਦੀ ਹੈ ਉਸ ਨੂੰਖਾਸ ਕਿਸ਼ੋਰ ਪੁਲਿਸ ਇਕਾਈ ਨੂੰਸੌਂਪ ਦੇਣਾ ਚਾਹੀਦਾ ਹੈ ਜਾਂ ਇਸ ਕੰਮ ਲਈ ਨਾਮੱਜਦ ਕੀਤੇ ਅਫਸਰ ਨੂੰਸੌਂਪ ਦੇਣਾ ਚਾਹੀਦਾ ਹੈ (ਸੈਕਸ਼ਨ 10 ਕਿਸ਼ੋਰਨਿਆਂ ਬੱਚਿਆਂ ਦੀ ਦੇਖਭਾਲ ਅਤੇ ਰਾਖੀ ਅਧਿਨਿਅਮ 2000)

4. ਗਿਰਫਤਾਰੀ ਕਰਨ ਸਮੇਂ ਬੱਚੇ ਦੀ ਉਮਰ ਬਾਰੇ ਪੁਸ਼ਟੀ ਕਰ ਲੈਣੀ ਚਾਹੀਦੀ ਹੈ ਕਿ ਉਸਦੀ ਕਿੰਨ੍ਹੀ ਉਮਰ ਹੈ। ਇਹ ਪਹਿਲਾਂ ਪਤਾ ਕਰ ਕੇ ਉਸ ਪਿੱਛੋਂ ਕੋਈ ਹੋਰ ਕਾਰਵਾਈ ਕਰਨੀ ਚਾਹੀਦੀ ਹੈ।

5. ਬੱਚੇ ਨੂੰਗਿਰਫਤਾਰ ਕਰਨਾ ਹੋਵੇ ਤਾਂ ਇਹ ਯਕੀਨੀ ਬਣਾਉ ਕਿ ਬਿਨਾ ਕਿਸੇ ਦੇਰੀ ਦੇ ਉਸ ਨ ਕਿਸ਼ੋਰ ਅਦਾਲਤ ਅੱਗੇ ਪੇਸ਼ ਕੀਤਾ ਜਾਵੇ। ਕਿਸੇ ਵੀ ਹਾਲਤ ਵਿੱਚ ਉਸ ਨੂੰ24 ਘੰਟੇ ਦੇ ਵਿੱਚ ਪੇਸ਼ ਕਰਨਾ ਚਾਹੀਦਾ ਹੈ। (ਸੈਕਸ਼ਨ 57 ਸੀ.ਆਰ.ਪੀ.ਸੀ)

6. ਬੱਚਿਆਂ ਨੂੰਫੈਕਟਰੀਆਂ ਵਿੱਚ ਅਤੇ ਖਾਨਾਂ ਆਦਿ ਵਿੱਚ ਨੌਕਰੀ ਤੇ ਰੱਖਣਾ ਮਨ੍ਹਾਂ ਹੈ (ਭਾਰਤ ਸੰਵਿਧਾਨ ਦੀ ਆਰਟੀਕਲ 24)। ਜੇ ਕੋਈ ਇਹੋ ਜਿਹਾ ਮੁਆਮਲਾ ਤੁਹਾਨੂੰਪਤਾ ਲਗਦਾ ਹੈ ਤਾਂ ਉਸਦੀ ਪਛਾਣ ਕਰ ਕੇ ਸੰਬੰਧਤ ਅਧਿਕਾਰੀਆਂ ਨੂੰਸੂਚਤ ਕਰੋ। (ਸੈਕਸ਼ਨ 3- ਬਾਲ ਕਿਰਤ ਨਿਰੋਧ/ਰੋਕ ਵਿਨੀਅਮਨ ਅਧਿਨਿਅਮ 1986)

7. ਜੇ ਕਿਸੇ ਬੱਚੇ ਨੂੰਬੰਧੂਆ ਮਜਦੂਰੀ ਪ੍ਰਣਾਲੀ ਅਧਿਨਿਅਮ 1976 ਦੇ ਅਧੀਨ ਬੰਧੂਆ ਬਣਾ ਕੇ ਰੱਖਿਆ ਗਿਆ ਹੈ ਤਾਂ ਉਸ ਨੂੰਮੁਕਤ ਕਰਾਉਣ ਦੇ ਜਤਨ ਕਰੋ।

8. ਹਿੰਦੂ ਵਿਆਹ ਅਧਿਨਿਅਮ 1955 ਦੇ ਅਨੁਸਾਰ ਬਚਿਆਂ ਦਾ ਵਿਆਹ ਕਰਨਾ ਨਿਰੋਧ ਹੈ।

## ਨਾ ਕਰਨ ਵਾਲੀਆਂ ਗੱਲਾਂ

1. ਕਿਸੇ ਬੱਚੀ ਨੂੰਪੁੱਛਗਿੱਛ ਲਈ ਪੁਲਿਸ ਸਟੇਸ਼ਨ ਉਪਰ ਨਾ ਬੁਲਾਓ, ਤਲਬ ਨਾ ਕਰੋ। (ਸੈਕਸ਼ਨ 160 ਸੀ.ਆਸ.ਪੀ.ਸੀ)

2. ਪੰਦਰਾ ਸਾਲ ਦੀ ਉਮਰ ਤੋਂ ਘੱਟ ਉਮਰ ਵਾਲੀ ਕਿਸੀ ਲੜਕੀ ਨੂੰਪੁੱਛ ਗਿੱਛ ਪੁਲਿਸ ਸਟੇਸ਼ਨ ਤੇ ਨਾ ਬੁਲਾਉ (ਸੈਕਸ਼ਨ 160 ਸੀ.ਆਸ.ਪੀ.ਸੀ)

3. ਕਿਸੀ ਕਿਸ਼ੋਰ (18 ਸਾਲ ਤੋਂ ਘਟ ਉਮਰ ਦੇ ਲੜਕੇ) ਨੂੰਹਵਾਲਾਤ ਵਿੱਚ ਨਾ ਰੱਖੋ (ਸੈਕਸ਼ਨ 18 ਕਿਸ਼ੋਰਨਿਆਂ ਵਿਨੀਅਮਨ 1986)।

4. ਸੱਤ ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਬੱਚੇ ਨੂੰਗਿਰਫਤਾਰ ਨਾ ਕਰੋ।

5. ਕਿਸੇ ਵੀ ਕਿਸੋਰ ਨੂੰਗਿਰਫਤਾਰ ਕਰਨ ਤੋਂ ਪਿੱਛੋਂ ਹਿਰਾਸਤ ਵਿੱਚ ਲੈਣ

ਤੋਂ ਪਿੱਛੋਂ ਮੀਡੀਆ ਨੂੰਉਸ ਕਿਸ਼ੋਰ ਦੀ ਪਛਾਣ/ਸਨਾਖਤ ਬਾਰੇ ਨਾ ਦੱਸੋ

6. ਜੇ ਕਿਸੇ ਅਪਰਾਧਵਿੱਚ ਇਕ ਬਾਲਗ (18 ਸਾਲ ਤੋਂ ਵੱਡੀ ਉਮਰ ਵਾਲਾ) ਅਤੇ ਇਕ ਕਿਸ਼ੋਰ (18 ਸਾਲ ਤੋਂ ਘੱਟ ਉਮਰ ਵਾਲਾ) ਦੋਸ਼ੀ ਹੋਣ ਤਾਂ ਚਾਰਜਸ਼ੀਟ/ਦੋਸ਼ ਪੱਤਰ ਬਨਾਉਣ ਵੇਲੇ ਉਨ੍ਹਾਂ ਦੀ ਇਕ ਚਾਰਜਸ਼ੀਟ/ਦੋਸ਼ ਪੱਤਰ ਨਹੀਂ ਬਨਾਉਣਾ ਚਾਹੀਦਾ। ਦੋ ਵੱਖ-ਵੱਖ ਦੋਸ਼ ਪੱਤਰ ਬਨਾਉਣੇ ਚਾਹੀਦੇ ਹਨ।

❖❖❖

5.ਸੱਤ ਸਾਲ ਦੀ ਉਮਰ ਤੋਂ ਘੱਟ ਕੋਈ ਅਪਰਾਧ ਬੱਚੇ ਕੋਲੋਂ ਹੋ ਜਾਵੇ ਤਾਂ ਉਹ ਅਪਰਾਧਨਹੀਂ ਮਨਿਆ ਜਾ ਸਕਦਾ (ਸੈਕਸ਼ਨ 82 ਆਈ.ਪੀ.ਸੀ)

# ਅਧਿਆਏ -5

## ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ ਜਾਤੀਆਂ ਦੇ ਨਾਗਰਿਕਾਂ ਦੇ ਹੱਕਾਂ ਦੀ ਰਾਖੀ

ਭਾਰਤਵਰਸ਼ ਵਿੱਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੋਨੋ ਕੱਠੀਆਂ ਮਿਲਾ ਕੇ ਸਾਰੀ ਅਬਾਦੀ/ਜਨਸੰਖਿਆ 24 ਪ੍ਰਤੀਸ਼ਤ ਭਾਗ ਹਨ, ਜਿਨਾ ਵਿੱਚ ਅਨੁਸੂਚਿਤ ਜਾਤੀਆਂ 16 ਪ੍ਰਤੀਸ਼ਤ ਹਨ ਅਤ ਅਨੁਸੂਚਿਤ ਜਨ ਜਾਤੀਆਂ 8 ਪ੍ਰਤੀਸ਼ਤ ਹਨ ਜਿਹੜਾ ਕਿ ਸਨ 2001 ਦੀ ਮਰਦਮਸ਼ੁਮਾਰੀ ਜਨ ਗਨਣਾ ਵਿੱਚ ਪਾਇਆ ਜਾਂਦਾ ਹੈ।

ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ ਜਾਤੀਆਂ (ਅਤਿਆਚਾਰ ਨਿਵਾਰਣ) ਅਧਿਨਿਅਮ 1989 ਇਕ ਖਾਸ ਵਿਧਾਨ ਹੈ ਜਿਸ ਅਨੁਸਾਰ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ ਜਾਤੀਆਂ ਦੇ ਖਿਲਾਫ਼ ਅਪਰਾਧ ਚੈਕ ਕੀਤੇ ਜਾ ਸਕਦੇ ਹਨ ਅਤੇ ਰੋਕੇ ਜਾ ਸਕਦੇ ਹਨ।

### ਕਰਨ ਜੋਗ ਗੱਲਾਂ

1. ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ ਜਾਤੀਆਂ ਨਾਲ ਸੰਬੰਧ ਰੱਖਣ ਵਾਲੇ ਨਾਗਰਿਕਾਂ ਨਾਲ ਇਕੋ ਜਿਹਾ ਵਰਤਾਉ ਕਰੋ ਕਾਨੂੰਨ ਦੇ ਹਿਸਾਬ ਨਾਲ

(ਭਾਰਤ ਦਾ ਸੰਵਿਧਾਨ ਆਰਟੀਕਲ 21)।

2. ਜੇ ਕੋਈ ਅਪਰਾਧ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ ਜਾਤੀਆਂ ਅਤਿਆਚਾਰ ਨਿਵਾਰਣ ਅਧਿਨਿਅਮ 1989 ਦੇ ਅਧੀਨ ਕੀਤਾ ਗਿਆ ਹੋਵੇ ਤਾਂ ਇਸ ਬਾਰੇ ਸਾਰੀ ਸੂਚਨਾ ਇਲਾਕੇ ਦੇ ਸੰਬੰਧਤ ਪੁਲਿਸ ਸਟੇਸ਼ਨ ਦੇ ਇੰਚਾਰਜ/ਮੁੱਖ ਅਫਸਰ ਨੂੰਦੇਣੀ ਚਾਹੀਦੀ ਹੈ।

3. ਤੁਹਾਡੇ ਇਲਾਕੇ ਵਿੱਚ ਜੋ ਨਾਗਰਿਕ ਅਨੁਸੂਚਿਤ ਜਾਤੀਆਂ ਜਾਂ ਅਨੁਸੂਚਿਤ ਜਨ ਜਾਤੀਆਂ ਨਾਲ ਸੰਬੰਧ ਰਖਣ ਵਾਲੇ ਹਨ ਉਹਨਾਂ ਨੂੰਉਹਨਾਂ ਦੇ ਹੱਕਾਂ ਬਾਰੇ ਦੱਸੋ ਜਿਹੜੇ ਕਿ ਉਹਨਾਂ ਨੂੰਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ ਜਾਤੀਆਂ (ਅਤਿਆਚਾਰ ਨਿਵਾਰਣ) ਅਧਿਨਿਅਮ 1989 ਦੇ ਅਧੀਨ ਮਿਲ ਸਕਦੇ ਹਨ।

## ਨਾ ਕਰਨਾ ਵਾਲੀਆਂ ਗੱਲਾਂ

1. ਕਿਸੇ ਵੀ ਨਾਗਰਿਕ ਨੂੰਉਸਦੇ ਜਾਂ ਉਸਦੀ ਜਾਤ ਦੇ ਅਧਾਰ ਦੇ ਅਲਗ ਨਾ ਸਮਝੋ ਉਨ੍ਹਾਂ ਨਾਲ ਕੋਈ ਭੇਦ ਭਾਵ ਨਾ ਕਰੋ। (ਭਾਰਤ ਦੇ ਸੰਵਿਧਾਨ ਦੀ ਆਰਟੀਕਲ 15)।

2. ਹਿਰਾਸਤ ਵਿੱਚ ਰੱਖੇ ਗਏ ਬੰਦਿਆਂ ਨਾਲ ਇਹੋ ਜਿਹਾ ਮੰਦਾ ਬਰਤਾਉ

ਨਾ ਕੀਤਾ ਜਾਵੇ ਜਿਹੜਾ ਕਿ ਉਹਨਾਂ ਨੂੰਠੇਸ ਪਹੁੰਚਾਏ, ਖਾਸ ਕਰ ਉਹਨਾਂ ਬੰਦਿਆਂ ਨਾਲ ਜਿਹੜੇ ਕਿ ਅਨੁਸੂਚਿਤ ਜਾਤੀ ਜਾਂ ਅਨੁਸੂਚਿਤ ਜਨ ਜਾਤੀ ਨਾਲ ਸੰਬੰਧ ਰੱਖਦੇ ਹਨ (ਭਾਰਤ ਸੰਵਿਧਾਨ ਦੀ ਆਰਟੀਕਲ 21)।

3. ਕਿਸੇ ਵੀ ਬੰਦੇ ਨੂੰਛੂਆਛਾਤ ਨੂੰਵਰਤਣ ਦੀ ਜਾਂ ਵਧਾਵਾ ਦੇਣ ਦੀ ਆਗਿਆ ਨਹੀਂ ਦੇਣੀ ਚਾਹੀਦਾ। (ਭਾਰਤ ਸੰਵਿਧਾਨ ਦੀ ਆਰਟੀਕਲ 17)।

❖❖❖

# ਅਧਿਆਇ-6

## ਵਰਿਸ਼ਟ ਨਾਗਰਿਕਾਂ ਦੇ ਹੱਕਾਂ ਦੀ ਰਾਖੀ

ਕਾਲ ਪ੍ਰਭਾਵ ਇਕ ਕੁਦਰਤੀ ਪਰ ਕਿਰਿਆ/ਅਮਲਹੈ ਜਿਹੜਾ ਕਿ ਹਰ ਇਕ ਬੰਦੇ ਦੇ ਜੀਵਨ ਚੱਕਰ ਵਿੱਚ ਅਟੱਲ ਰਹਿੰਦਾ ਹੈ। ਇਹ ਆਪਣੇ ਨਾਲ ਬੁੱਢਿਆਂ/ਵੱਡੀ ਉਮਰ ਦੇ ਬੰਦਿਆਂ ਲਈ ਚੁਣੌਤਿਆਂ ਦੇ ਢੇਰ ਲੈ ਕੇ ਆਉਂਦਾ ਹੈ, ਖਾਸ ਤੌਰ ਤੇ ਜਦੋਂ ਕਿ ਬੁੱਢੇ ਲੋਕਾਂ ਦੇ ਅੰਗਾਂ ਦੀ ਕੰਮ ਕਰਨ ਦੀ ਸ਼ਕਤੀ ਘੱਟ ਹੋ ਜਾਂਦੀ ਹੈ। ਸਾਰੇ ਵਰਿਸ਼ਟ ਨਾਗਰਿਕਾਂ ਦੇ ਹੱਕਾਂ ਦੀ ਰਾਖੀ ਕਰਨਾ ਪੁਲਿਸ ਦੀ ਇਕ ਨੈਤਕ ਜੁੰਮੇਵਾਰੀ/ਫਰਜ ਬਣ ਜਾਂਦਾ ਹੈ। ਵਰਿਸ਼ਟ ਨਾਗਰਿਕ (ਉਮਰ 60 ਸਾਲ ਅਤੇ ਉਸ ਤੋਂ ਵੱਧ)।

## ਕਰਨ ਜੋਗ ਗੱਲਾਂ

1. ਬੱਚਿਆਂ ਦਾ ਇਹ ਫਰਜ ਬਣ ਜਾਂਦਾ ਹੈ ਕਿ ਉਹਨਾ ਨੂੰਆਪਣੇ ਮਾਤਾ ਪਿਤਾ ਨੂੰਸਹਾਰਾ ਦੇਣਾ ਚਾਹੀਦਾ ਹੈ। ਉਨ੍ਹਾਂ ਦਾ ਖਰਚਾ ਚਲਾਉਣਾ ਚਾਹੀਦਾ ਹੈ ਜੇ ਕਰ ਉਹ ਆਪਣੇ ਆਪ ਦੀ ਸੰਭਾਲ ਨਾ ਕਰ ਸਕਦੇ ਹੋਣ ਜਾਂ ਆਪਣਾ ਖਰਚਾ ਨਾ ਚਲਾ ਸਕਦੇ ਹੋਣ (ਸੈਕਸ਼ਨ 125, ਸੀ.ਆਰ.ਪੀ.ਸੀ.)।

2. ਉਹਨ੍ਹਾਂ ਦੀ ਦੁਰਬਲਤਾ/ਨਿਰਬਲਾ ਨੂੰਦੇਖਦੇ ਹੋਏ ਉਹਨਾਂ ਨਾਲ ਬਿਨਾ ਨਾਗਾ ਪੱਕੋ ਤੌਰ 'ਤੇ ਮਿਲਦੇ ਜੁਲਦੇ ਰਹੋ। ਉਹਨਾਂ ਦਾ ਪਤਾ ਕਰਦੇ ਰਹੋ ਆਪਣੇ

6. ਰਾਸ਼ਟਰੀ ਨੀਤੀ ਵਰਿਸ਼ਟ ਨਾਗਰਿਕਾਂ ਦੀ ਪਛਾਣ ਕਰਦੀ ਹੈ ਅਤੇ 60 ਸਾਲ ਜਾਂ ਉਸ ਤੋਂ ਵੱਡੀ ਉਮਰ ਦੇ ਨਾਗਰਿਕਾਂ ਨੂੰਵਰਿਸ਼ਟ ਨਾਗਰਿਕ ਮਨੰਦੀ ਹੈ।

ਇਲਾਕੇ ਵਿੱਚ।

3. ਜੇ ਹਾਲਾਤ ਇਹੋ ਜਿਹੋ ਹੋਣ ਕਿ ਵਰਿਸ਼ਟ ਨਾਗਰਿਕ ਨੂੰਗਿਰਫਤਾਰ ਕਰਨ ਤੋਂ ਬਗੈਰ ਹੋਰ ਕੋਈ ਚਾਰਾ ਨਹੀਂ ਹੈ। ਇਹਨਾਂ ਹਾਲਾਤਾਂ ਵਿੱਚ ਉਸ ਨੂੰਗਰਿਫਤਾਰ ਕਰਨ ਵੇਲੇ ਉਸ ਨਾਲ ਸ਼ਰਾਫਤ ਨਾਲ ਪੇਸ਼ ਆਉਣਾ ਚਾਹੀਦਾ ਹੈ, ਸ਼ਰਾਰਤ ਨਾਲ ਬਰਤਾਉ ਕਰਨਾ ਚਾਹੀਦਾ ਹੈ ਅਤੇ ਜਿਨ੍ਹਾਂ ਛੇਤੀ ਤੋਂ ਛੇਤੀ ਹੋ ਸਕੇ ਉਸ ਦਾ ਡਾਕਟਰੀ ਮੁਆਇਨਾ ਕਰਵਾ ਲੈਣਾ ਚਾਹੀਦਾ ਹੈ।

4. ਜਦੋਂ ਵੀ ਕੋਈ ਆਦਮੀ ਜਾਂ ਔਰਤ ਵਰਿਸ਼ਟ ਨਾਗਰਿਕ ਆਪਣੀ ਕਿਸੇ ਸਮਸਿਆ/ਉਲਝਣ ਕਾਰਜ ਥਾਣੇ ਵਿੱਚ ਲੈ ਕੇ ਆਉਂਦਾ ਹੈ ਤਾਂ ਉਸ ਦਾ ਇਜੱਤ ਮਾਣ ਕਰਨਾ ਚਾਹੀਦਾ ਹੈ ਅਤੇ ਉਸਦੀ ਸਮਸਿਆ ਨੂੰਪਹਿਲ ਦੇ ਕੇ ਹੱਲ ਕਰਨਾ ਚਾਹੀਦਾ ਹੈ।

## ਨਾ ਕਰਨ ਵਾਲੀਆਂ ਗੱਲਾਂ

1. ਕਿਸੇ ਵੀ ਵਰਿਸ਼ਟ ਨਾਗਰਿਕ ਨੂੰਗਿਰਫਤਾਰ ਕਰਨਾ ਜਾਂ ਹਿਰਾਸਤ ਵਿੱਚ ਰੱਖਣਾ ਨਾ ਕੀਤੀ ਜਾਵੇ ਜੱਦ ਤੱਕ ਇਹ ਕਿ ਕਰਨਾ ਬਹੁਤ ਹੀ ਜਰੂਰੀ ਨਾ ਹੋਵੇ।

2. ਜੇ ਕੋਈ ਵਰਿਸ਼ਟ ਨਾਗਰਿਕ ਦੀ ਸਮੱਸਿਆ ਕਾਰਣ ਪਕੜਿਆ ਗਿਆ ਹੋਵੇ ਤਾਂ ਉਸ ਨਾਲ ਕਦੇ ਵੀ ਗੰਦਾ ਬਰਤਾਉ ਨਹੀਂ ਕਰਨਾ ਚਾਹੀਦਾ। ਉਸ ਨਾਲ ਸਖਤੀ ਨਾਲ ਨਹੀਂ ਵਰਤਣਾ ਚਾਹੀਦਾ ।

❖❖❖

# ਅਧਿਆਏ - 7

# ਘੱਟ ਗਿਣਤੀ ਵਰਗ ਦੇ ਨਾਗਰਿਕਾਂ ਦੇ ਹੱਕਾਂ ਦੀ ਰਾਖੀ

ਭਾਰਤੀ ਸੰਵਿਧਾਨ ਦੀ ਆਰਟੀਕਲ 14,15 ਅਤੇ 16 ਦੇ ਮੁਤਾਬਕ ਧਰਮ ਦੇ ਅਧਾਰ ਤੇ ਕਿਸ ਨਾਗਰਿਕ ਨਾਲ ਭੇਦ ਭਾਵ ਕਰਨਾ ਮਨ੍ਹਾਂ ਹੈ। ਇਸ ਤੋਂ ਇਲਾਵਾ ਭਾਰਤੀ ਸੰਵਿਧਾਨ ਦੀ ਆਰਟੀਕਲ 29 ਅਤੇ 30 ਘੱਟ ਗਿਣਤੀ ਵਾਲੇ ਵਰਗ ਨਾਲ ਸੰਬੰਧ ਰੱਖਣ ਵਾਲੇ ਨਾਗਰਿਕਾਂ ਦੇ ਸੰਸਕਿਰਤਕ/ਸਭਿਆਚਾਰਕ ਅਤੇ ਸਿਖਿਆ ਦੇ ਹੱਕਾਂ ਦੀ ਰਾਖੀ ਬਾਰੇ ਦੱਸਦੇ ਹਨ।

## ਕਰਨ ਵਾਲੀਆਂ ਗੱਲਾਂ

1. ਘੱਟ ਗਿਣਤੀ ਵਾਲੇ ਵਰਗ ਨਾਲ ਸੰਬੰਧ ਰੱਖਣ ਵਾਲੇ ਨਾਗਰਿਕਾਂ ਦੇ ਮਾਮਲਿਆਂ ਨੂੰਸੁਲਝਾਉਣ ਵੇਲੇ ਪੂਰੀ ਸਾਵਧਾਨੀ ਵਰਤਣੀ ਚਾਹੀਦੀ ਹੈ ਸੰਵੇਦਨਸ਼ੀਲ ਢੰਗ ਨਾਲ ਕੰਮ ਕਰਣਾ ਚਾਹੀਦਾ ਹੈ।

2. ਪੂਜਾ ਘਰ/ਇਬਾਦਤਗਾਹਾਂ ਵਿੱਚ ਬਿਨਾ ਨਾਗਾ ਜਾਉ ਅਤੇ ਸ਼ਰਾਰਤੀ ਅੰਸਰਾਂ ਉਪਰ ਆਪਣੀ ਅੱਖ ਰੱਖੋ ਤਾਂ ਕਿ ਉਹ ਕੋਈ ਸਮਪਰਦਾਇਕ ਤਨਾਵ ਪੈਦਾ ਨਾ ਹੋ ਸਕੇ।

8. ਇਹ ਅਧਿਆਇ ਧਾਰਮਕ ਘੱਟ ਗਿਣਤੀ ਵਰਗ ਦੇ ਨਾਗਰਿਕਾਂ ਬਾਰੇ ਹੈ

3. ਤਿਉਹਾਰਾਂ ਦੇ ਮੌਕੇ ਤੇ ਜਿਆਦਾ ਚੌਕਸ/ਹੁਸ਼ਿਆਰ ਰਹੋ ਅਤੇ ਉਹਨਾਂ ਇਲਾਕਿਆਂ ਵਿੱਚ ਰੋਕਥਾਮ ਵਾਲੇ ਉਪਾਉ ਕਰੋ ਜਿਹੜੇ ਇਲਾਕੇ ਸੰਪਰਦਾਇਕ ਤੌਰ ਤੇ ਸੰਵੇਦਨਸ਼ੀਲ ਹਨ।

4. ਘਰਾਂ ਵਿੱਚ ਜਾਣ ਵੇਲੇ, ਜਾਂ ਪੂਜਾ ਸਥਾਨਾਂ ਤੇ ਜਾਣ ਵੇਲੇ ਜਾਂ ਸਮਾਜ ਵਿੱਚ ਘੱਟ ਗਿਣਤੀ ਵਰਗ ਨਾਲ ਸੰਬੰਧ ਰੱਖਣ ਵਾਲੇ ਨਾਗਰਿਕਾਂ ਦੀਆਂ ਸੰਸਥਾਵਾਂ ਵਿੱਚ ਜਾਣ ਵੇਲੇ ਉਹਨਾਂ ਦੀਆਂ ਭਾਵਨਾਵਾਂ ਦੀ ਉਹਨਾਂ ਦੇ ਧਾਰਮਿਕ ਅਭਿਆਸ ਦੀ ਇਜੱਤ ਕਰੋ ਮਾਣ ਕਰੋ।

5. ਘੱਟ ਗਿਣਤੀ ਵਾਲੇ ਵਰਗ ਨਾਲ ਸੰਬੰਧ ਰੱਖਣ ਵਾਲੇ ਨਾਗਰਿਕਾਂ ਨਾਲ ਸੰਪਰਕ ਬਣਾ ਕੇ ਰੱਖੋ। ਜੇ ਕਿਸੇ ਵੇਲੇ ਤਣਾਅਪੂਰਣ ਹਾਲਾਤ ਬਣ ਜਾਣ ਤਾਂ ਉਹਨਾਂ ਨਾਗਰਿਕਾਂ ਦਾ ਸਮਰਥਨ ਬਹੁਤ ਮਦਦ ਕਰੇਗਾ।

6. ਇਹ ਜਰੂਰੀ ਯਕੀਨੀ ਬਣਾਓ ਕਿ ਲੋਕਾਂ ਨੂੰਆਪਣੇ ਧਰਮ ਦਾ ਪਰਚਾਰ ਕਰਨ ਦੀ ਅਤੇ ਅਭਿਆਸ/ਮਸ਼ਕ ਕਰਨ ਦੀ ਸੁਤੰਤਰਤਾ ਹੋਣੀ ਚਾਹੀਦੀ ਹੈ।

7. ਸਾਰੇ ਵਰਗਾਂ ਦੇ ਲੋਕਾਂ ਵਿੱਚ ਜਿਹੜੇ ਲੋਕ ਅਹਿਮ ਧਾਰਮਿਕ ਮਸ਼ਹੂਰ ਧਾਰਮਕ ਹੋਣ ਉਹਨਾਂ ਨਾਲ ਮਿਲਣਾ ਜੁਲਣਾ ਚਾਹੀਦਾ ਹੈ।

## ਨਾ ਕਰਨਾ ਵਾਲੀਆਂ ਗੱਲਾਂ

1. ਜੇ ਕਿਸੇ ਧਾਰਮਿਕ ਸਮੂਦਾਏ ਦੇ ਮੁਆਮਲੇ ਨੂੰਨਜਿੱਠਣਾ ਹੋਵੇ ਤਾਂ ਪਕਸ਼ਪਾਤ ਦਾ ਵਖਾਵਾ ਬਿਲਕੁਲ ਨਾ ਕਰੋ।

2. ਧਰਮ ਦੇ ਅਧਾਰ ਦੇ ਨਾਗਰਿਕਾਂ ਨਾਲ ਭੇਦ ਭਾਵ ਨਹੀਂ ਵਰਤਣਾ ਚਾਹੀਦਾ (ਸੰਵਿਧਾਨ ਦੀ ਆਰਟੀਕਲ 15(1)2)

3. ਕਿਸੇ ਧਾਰਮਿਕ ਮਸਲੇ ਨਾਲ ਸੰਬੰਧਤ ਸੂਚਨਾ/ਸ਼ਿਕਾਇਤ ਨੂੰਅੱਖੋਂ ਓਹਲੇ ਨਾ ਕਰੋ ਅਤੇ ਉਸ ਉਪਰ ਕਾਰਵਾਈ ਕਰਨ ਵਿੱਚ ਕੋਈ ਦੇਰੀ ਨਹੀਂ ਕਰਨੀ ਚਾਹੀਦੀ।

❖❖❖

# ਅਧਿਆਇ - 8

# ਬੰਧੂਆ/ਪੱਕੇ ਨਾਲ ਮਜਦੂਰੀ ਕਰਾਉਣੀ ਅਤੇ ਪੁਲਿਸ

ਭਾਰਤੀ ਸੰਵਿਧਾਨ ਦੀ ਆਰਟੀਕਲ 23 ਭੀਖ ਮੰਗਣ ਵਾਲਿਆਂ ਨੂੰਜਾਂ ਇਹੋ ਜਿਹੇ ਕਿਸਮ ਦੇ ਧੱਕੇ ਨਾਲ ਜੋਰ ਨਾਲ ਕੰਮ ਕਰਾਉਣ ਨੂੰਰੋਕਦੀ ਹੈ। ਬੰਧੂਆ ਮਜਦੂਰੀ ਪ੍ਰਣਾਲੀ/ਪਧਿਤੀ (ਅੰਤ ਕਰਨ) ਅਧਿਨਿਅਮ 1976 ਦੇ ਅਧੀਨ, ਬੰਧੂਆ ਮਜਦੂਰਾ ਦੀ ਪਛਾਣ ਕਰਨੀ, ਉਹਨਾਂ ਨੂੰਬੰਧੂਆ ਮਜਦੂਰੀ ਤੋਂ ਮੁਕਤ ਕਰਾਉਣਾ ਅਤੇ ਆਜਾਦ ਕਰਾਏ ਗਏ ਬੰਧੂਆਂ ਮਜਦੂਰ ਨੂੰਦੁਬਾਰਾ ਬਸਾਉਣਾ ਇਹ ਜੁਮੇਵਾਰੀ ਰਾਜ ਸਰਕਾਰ ਦੀ ਹੈ।

## ਕਰਨਵਾਲੀਆਂ ਗੱਲਾ

1. ਆਪਣੇ ਇਲਾਕੇ ਵਿੱਚ ਬੰਧੂਆ ਮਜਦੂਰੀ/ਧੱਕੇ ਨਾਲ ਮਜਦੂਰੀ ਕਰਾਉਣ ਦੇ ਅਭਿਆਸਾਂ ਵਾਲੇ ਚੌਂਕਸ ਹੋ ਕੇ ਰਹੋ ਅਤੇ ਜੇ ਕੋਈ ਇਸ ਤਰ੍ਹਾਂ ਦੇ ਦੋਸਾਂ ਜਾਂ ਇਲਜਾਮਾਂ ਬਾਰੇ ਪਤਾ ਲੱਗੇ ਤਾਂ ਝਟਪਟ ਜਿਲਾ ਅਧਿਕਾਰੀਆਂ ਨੂੰਇਸ ਬਾਰੇ ਦੱਸ

ਦੇਣਾ ਚਾਹੀਦਾ ਹੈ।

2. ਕੰਮ ਕਰਨ ਵਾਲੇ ਥਾਂ ਤੋਂ ਮੁਕਤ ਕੀਤੇ ਗਏ ਮਜਦੂਰਾਂ ਨੂੰਕੱਢ ਕੇ ਦੂਜੇ ਥਾਂ ਲਿਜਾਣ ਵਿੱਚ ਜਿਲੇ ਦੇ ਅਧਿਕਾਰੀਆਂ ਦੀ ਸਹਾਇਤਾ ਕਰੋ।

3. ਉਚਿਤ ਕਾਰਵਾਈ ਕਰੋ (ਭਿੰਨ ਭਿੰਨ ਅਧਿਨਿਅਮਾਂ ਦੇ ਅਧੀਨ) ਜੇ ਕਰ ਮਜਦੂਰ ਸਮਾਜ ਦੇ ਦੁਰਬਲ ਵਰਗ ਜਾਲ ਸੰਬੰਧ ਰੱਖਦੇ ਹੋਣ, ਜਿਵੇਂ ਕਿ ਬੱਚੇ, ਔਰਤਾਂ, ਘੱਟ ਗਿਣਤੀ ਵਾਲੇ ਵਰਗ ਅਤੇ ਅਨੁਸੂਚਿਤ ਜਾਤੀ ਜਾਂ ਅਨੁਸੂਚਿਤ ਜਨ ਜਾਤੀਆਂ।

## ਨਾ ਕਰਨ ਵਾਲੇ ਕੰਮ

1. ਉਸ ਵੇਲੇ ਤੱਕ ਮਜਦੂਰਾਂ ਨੂੰਮੁਕਤ ਨਾ ਕਰਾਉ ਜੱਦ ਤੱਕ ਕਿ ਠੀਕ ਤਰ੍ਹਾਂ ਨਾਲ ਕਾਰਇਪਾਲਕ ਮੈਜਿਸਟਰੇਟ ਬੰਧੂਆ ਮਜਦੂਰੀ ਪ੍ਰਣਾਲੀ (ਅੰਤ ਕਰਨ) ਅਧਿਨਿਅਮ) 1976 ਦੇ ਅਧੀਨ ਜਾਂਚ ਨਾ ਕਰ ਲਏ।

2. ਮਾਲੀ/ਆਰਥਕ ਮੁਆਮਲਿਆਂ ਨੂੰਸੁਲਝਾਉਣ ਲਈ ਆਪਣੇ ਆਪ ਨੂੰਨਾ ਉਲਝਾਉ/ਫਸਾਉ।

3. ਜਾਂਚ/ਪੜਤਾਲ ਦੌਰਾਨ ਬੰਧੂਆ ਮਜਦੂਰੀ ਦੀ ਹੋਂਦ ਬਾਰੇ ਨਿਰਣੇ ਸੰਬੰਧੀ ਕੋਈ ਟਿਪਣੀ ਨਾ ਕਰੋ।

4. ਦੁਖੀ/ਪੀੜਤ ਮਜਦੂਰਾਂ ਨਾਲ ਆਕੜ/ਘੁਮੰਡ ਨਾਲ ਬਰਤਾਉ ਨਾ ਕਰੋ।

❖❖❖

# ਅਧਿਆਇ - 9

## ਮੁਕਾਬਲੇ/ਮੁੱਠਭੇੜਾਂ

ਪੁਲਿਸ ਕਾਰਵਾਈ ਦੇ ਸੰਦਰਭ ਵਿੱਚ, ਇਕ "ਮੁਠਭੇੜ/ਮੁਕਾਬਲਾ" ਆਮ ਕਰਕੇ ਉਸ ਵੇਲੇ ਕਿਹਾ ਜਾਂਦਾ ਹੈ ਜਦੋਂ ਕਿ ਹਾਲਾਤ ਉਹੋ ਜਿਹੇ ਹੋ ਜਾਣ ਕਿ ਪੁਲਿਸ ਨੂੰਘਾਤਕ ਬਲ ਦੀ ਵਰਤੋਂ ਕਰਨੀ ਪਵੇ ਜਿਹੜੇ ਕਿ ਸ਼ਸਤਰਧਾਰੀ ਅਪਰਾਧੀਆਂ/ਕਸੂਰ ਵਾਲਿਆਂ ਦੇ ਖਿਲਾਫ ਸ਼ਸਤਰ ਵਰਤਦੇ ਹਨ। ਇਹੋ ਜਿਹੇ ਹਾਲਾਤੰ ਵਿੱਚ, ਪੁਲਿਸ ਦੋਸ਼ੀਆਂ ਦੇ ਖਿਲਾਫ਼ ਸਧਾਰਣ ਤੌਰ ਤੇ ਬਲ ਪ੍ਰਯੋਗ ਆਪਣੇ ਬਚਾਉ ਲਈ ਕਰਦੀ ਹੈ।

## ਕਰਨ ਵਾਲੀਆਂ ਗੱਲਾਂ

1. ਜਦੋਂ ਸ਼ਸ਼ਤਰਧਾਰੀ ਅਪਰਾਧੀ/ਕਸੂਰਵਾਰ ਸਾਹਮਣੇ ਆ ਜਾਣ ਤਾਂ ਪਹਿਲੇ ਉਹਨਾਂ ਨੂੰਚੁਣੋਤੀ ਦਿਓ ਅਤੇ ਉਹਨ੍ਹਾਂ ਨੂੰਆਪਣੇ ਆਪ ਨੂੰਪੁਲਿਸ ਦੇ ਹਵਾਲੇ ਕਰ ਦੇਣ ਲਈ ਕਰੋ।

2. ਬਲ ਦੀ ਵਰਤੋਂ ਸਿਰਫ ਆਪਣੇ ਨਿਜੀ ਬਚਾਅ ਲਈ ਕਰੋ, ਦੂਜਿਆਂ ਨੂੰਅਤੇ ਆਪਣੇ ਆਪ ਨੂੰਬਚਾਉਣ ਲਈ ਬਲ ਦੀ ਵਰਤੋਂ ਕਰੋ। ਆਪਣੇ ਆਪ ਨੂੰਅਤੇ ਦੂਜਿਆਂ ਨੂੰਧਾਵਾ ਬੋਲ ਰਹੇ ਦੋਸ਼ੀਆਂ/ਕਸੂਰਵਾਲਾ ਕੋਲੋਂ ਬਚਾਉਮ ਲਈ, ਜਿਹਨਾਂ ਦੀ

ਕਾਰਵਾਈ ਤੋਂ ਸ਼ੱਕ ਹੋਵੇ ਕਿ ਉਹ ਤੁਹਾਨੂੰਅਤੇ ਦੂਜਿਆਂ ਨੂੰਸੱਟਾਂ ਮਾਰ ਸਕਦੇ ਹਨ ਜਾਂ ਜਾਨੋ ਮਾਰ ਸਕਦੇ ਹਨ (ਸੈਕਸ਼ਨ 97, ਆਈ.ਪੀ.ਸੀ.)

3. ਆਪਣੇ ਬਚਾਉ ਲਈ ਬਲ ਦਾ ਪ੍ਰਯੋਗ ਉਸ ਵੇਲੇ ਸ਼ੁਰੂ ਕਰਨਾ ਚਾਹੀਦਾ ਹੈ ਜਦ ਕਿ ਤੁਹਾਨੂੰਵਾਜਬ ਖਤਰੇ ਦੀ ਸ਼ੰਕਾ ਹੋਵੇ ਕਿ ਧਾਵਾ ਬੋਲਣ ਵਾਲੇ ਦੋਸ਼ੀ/ਕਸੂਰ ਕਰਨ ਵਾਲੇ ਤੁਹਾਨੂੰਨੁਕਸਾਨ ਪਹੁੰਚਾ ਸਕਦੇ ਹਨ। ਇਸ ਦੇ ਇਲਾਵਾ, ਆਪਣੇ ਬਚਾਉ ਵਿੱਚ ਬਲ ਦੀ ਵਰਤੋਂ ਉਸ ਵੇਲੇ ਤੱਕ ਜਾਰੀ ਰੱਖਣਾ ਚਾਹੀਦਾ ਹੈ ਜੱਦ ਤੱਕ ਕਿ ਤੁਹਾਡੇ ਸ਼ਰੀਰ ਨੂੰਖਤਰੇ ਦੀ ਸ਼ੰਕਾ ਬਣੀ ਰਹਿੰਦੀ ਹੈ। (ਸੈਕਸ਼ਨ 102, ਆਈ.ਪੀ.ਸੀ.)

4. ਆਪਣੇ ਆਪ ਦੇ ਬਚਾਉ ਲਈ ਬਲ ਦਾ ਪ੍ਰਯੋਗ ਕਿਸੇ ਧਾਵਾ ਬੋਲ ਰਹੇ ਅਪਰਾਧੀ/ਕਸੂਰਵਾਰ ਦੇ ਖਿਲਾਫ ਉਸ ਨੂੰਝੱਟ ਮਾਰਨ ਲਈ ਜਾਂ ਉਸ ਨੂੰਜਾਣੋ ਮਾਰਨ ਲਈ ਉਸ ਵੇਲੇ ਤੱਕ ਵਰਤਿਆਂ ਜਾਂ ਸਕਦਾ ਹੈ ਜਿਸ ਵੇਲੇ ਤੱਕ ਇਹ ਸ਼ੰਕਾ ਬਣੀ ਰਹੇ ਕਿ ਧਾਵਾ ਬੋਲਣ ਵਾਲਾ ਅਪਰਾਧੀ/ਕਸੂਰਵਾਰ ਤੁਹਾਨੂੰਜਾਂ ਦੂਜਿਆਂ ਨੂੰਸੱਟਾਂ ਮਾਰ ਸਕਦਾ ਹੈ ਜਾਂ ਜਾਨੋ ਮਾਰ ਸਕਦਾ ਹੈ, ਭਾਵ ਤੁਹਾਡੇ ਅਤੇ ਦੂਜਿਆਂ ਲਈ ਖਤਰਾ ਬਣਿਆ ਹੋਇਆ ਹੈ। (ਸੈਕਸ਼ਨ 100 ਆਈ.ਪੀ.ਸੀ)

# ਨਾ ਕਰਨ ਵਾਲੇ ਕੰਮ

1. ਅਪਰਾਧੀਆਂ/ਕਸੂਰਵਾਰਾਂ ਉਪਰ ਸਿਰਫ ਇਸ ਲਈ ਗੋਲੀ ਬਾਰੀ ਨਾ ਸ਼ੁਰੂ ਕਰ ਦਿਓ ਕਿ ਉਹਨਾਂ ਕੋਲ ਸ਼ਸ਼ਤਰ/ਹਥਿਆਰ ਹਨ।

2. ਜਿਆਦਾ/ਵਾਧੂ ਬਲ ਦਾ ਪ੍ਰਯੋਗ ਨਾ ਕਰੋ। ਬਲ ਵਰਤਨ ਦੀ ਮਿਕਦਾਰ/ਮਾਤਰਾ ਉਸੇ ਮੁਬਾਬਕ ਹੋਣੀ ਚਾਹੀਦੀ ਹੈ ਜਿਸ ਮੁਤਾਬਿਕ ਧਾਵਾ ਬੋਲਣ ਵਾਲੇ ਦੋਸ਼ੀ/ਕਸੂਰਵਾਰ ਬਲ ਦੀ ਵਰਤੋਂ ਕਰਦੇ ਹੋਣ।

3. ਇਨਾਂ ਜਿਆਦਾ ਬੱਲ ਨਾ ਵਰਤੋਂ ਜਿਸ ਨਾਲ ਕਿ ਧਾਵਾ ਬੋਲ ਰਹੇ ਅਪਰਾਧੀਆਂ/ਕਸੂਰਵਾਰਾਂ ਨੂੰਜਿਆਦਾ ਸੱਟਾਂ ਵੱਜ ਜਾਣ। ਸਿਰਫ ਜਿਨੀ ਬਲ ਦੀ ਵਰਤੋਂ ਤੁਹਾਡੇ ਆਪਣੇ ਆਪ ਨੂੰਜਾਂ ਦੂਜਿਆਂ ਨੂੰਧਾਵਾ ਬੋਲਣ ਵਾਲਿਆਂ ਕੋਲੋਂ ਬਚਾਉਣ ਲਈ ਜਰੂਰੀ ਹੋਵੇ ਸਿਰਫ਼ ਉਨ੍ਹਾਂ ਹੀ ਬਲ ਵਰਤਣਾ ਚਾਹੀਦਾ ਹੈ (ਸੈਕਸ਼ਨ 99 ਆਈ.ਪੀ.ਸੀ.)

❖❖❖

# ਅਧਿਆਇ-10

## ਅੱਤਵਾਦ ਅਤੇ ਪੁਲਿਸ

ਅੱਤਵਾਦ ਇਕ ਸਿਰ ਦੀ "ਕਾਨੂੰਨ-ਵਿਸਵਸਥਾ" ਦੀ ਸਥਿਤੀ ਹੈ ਜਿਸਨੂੰਕਿ ਭੜਕਾਉ ਹਾਲਾਤਾਂ ਵਿੱਚ ਪੁਲਿਸ ਵੱਲੋ ਬਰਾਬਰ ਦਾ ਹੁੰਗਾਰਾ ਮਿਲਣਾ ਚਾਹੀਦਾ ਹੈ।

ਅੱਤਵਾਦ ਨਾਲ ਨਿਪਟਣ ਲਈ ਪੁਲਿਸ ਨੂੰਕਾਰਵਾਈ ਕਰਨੀ ਪੈਂਦੀ ਹੈ ਅੱਤਵਾਦੀ ਘਟਨਾਵਾਂ ਦੀ ਜਾਂਚ ਕਰਨੀ ਪੈਂਦੀ ਹੈ, ਉਹਨਾਂ ਨੂੰਘੇਰਾ ਪਾਉਣਾ ਪੈਂਦਾ ਹੈ ਅਤੇ ਪੁਲਿਸ ਨੂੰਤਲਾਸ਼ੀ ਅਭਿਆਨ ਚਲਾਉਣਾ ਪੈਂਦਾ ਹੈ ਅੱਤਵਾਦੀਆਂ ਨੂੰਗਿਰਫਤਾਰ ਕਰਨ ਲਈ ਸੜਕਾਂ ਉਪਰ ਨਾਕਾ ਬੰਦੀ ਕਰ ਕੇ ਨਾਗਰਿਕਾਂ ਦੀ ਜਾਂਚ ਕਰਦੇ ਹਨ ਅਤੇ ਇਸ ਦੌਰਾਨ ਗਿਰਫਤਾਰੀਆਂ ਵੀ ਕਰਦੇ ਹਨ।

## ਕਰਨ ਵਾਲੀਆਂ ਗੱਲ

1. ਆਪਣੇ ਇਲਾਕੇ ਵਿੱਚ ਉੱਥੋਂ ਦੇ ਵਸਨੀਕਾਂ ਨਾਲ ਚੰਗੇ ਸੰਬੰਧ ਬਣਾਈ ਰੱਖੋ। ਇਹ ਤੁਹਾਡੀ ਸਹਾਇਤਾ ਕਰੇਗਾ ਅੱਤਵਾਦੀਆਂ ਨੂੰਗਿਰਫਤਾਰ ਵਿੱਚ ਅਤੇ ਉਹਨਾਂ ਬਾਰੇ ਸੂਚਨਾ ਇਕਤਰ ਕਰਨ ਵਿੱਚ। ਇਲਾਕੇ ਦੇ ਵਧੀਕਾਂ ਨਾਲ ਚੰਗੇ ਸੰਬੰਧ ਬਣਾਏ ਰੱਖਣ ਨਾਲ ਇਹ ਤੁਹਾਡੀ ਕਾਫੀ ਸਹਾਇਤਾ ਕਰਨਗੇ ਜੇ ਕਿਸੇ ਵੇਲੇ ਕਾਨੂੰਨ-ਵਿਵਸਥਾ ਅੱਤਵਾਦ ਦੇ ਪ੍ਰਭਾਵ ਵਾਲੇ ਇਲਾਕਿਆਂ ਬਹੁਤ ਜਿਆਦਾ ਖਰਾਬ

ਹੋ ਜਾਵੇ ਪੁਲਿਸ ਦੀ ਕਾਰਵਾਈ ਦੇ ਕਾਰਨ।

2. ਕਿਸੇ ਸ਼ੱਕੀ ਘਰ ਦੀ ਤਲਾਸ਼ੀ ਲੈਣ ਵੇਲੇ, ਆਪਣੇ ਨਾਲ ਉਸ ਇਲਾਕੇ ਦਾ ਨੁਮਾਇੰਦਾ ਜਰੂਰ ਆਪਣੇ ਨਾਲ ਲੈ ਲੈਣਾ ਚਾਹੀਦਾ ਹੈ। ਇਹ ਉਹਨਾਂ ਦੀ ਸੁਰਖਿਆ ਨੂੰਯਕੀਨੀ ਬਣਾਉਂਦੇ ਹੋਏ ਕਰਨਾ ਹੈ।

3. ਜੇ ਸਾਰਵਜਨਕ ਥਾਂ ਉਪਰ ਕਿਸੇ ਦੀ ਸ਼ਰੀਰਕ ਤਲਾਸ਼ੀ ਕਰਨੀ ਹੋਵੇ ਤਾਂ ਅਸੈਨਿਕ/ਸਿਵਲੀਅਨ ਨਾਲ ਉਚਿਤ ਨਿਮਰਤਾ ਨਾਲ ਬਰਤਾਉ ਕਰਨਾ ਚਾਹੀਦਾ ਹੈ।

4. ਇਹ ਯਕੀਨੀ ਬਣਾਉ ਕਿ ਔਰਤਾਂ ਦੀ ਸ਼ਰੀਰਕ ਤਲਾਸ਼ੀ ਸਿਰਫ ਔਰਤ ਪੁਲਿਸ ਕਰਮੀ ਤੋਂ ਹੀ ਕਰਵਾਉਣੀ ਚਾਹੀਦੀ ਹੈ।

5. ਔਰਤਾਂ ਦੀ ਸ਼ਰੀਰਕ ਤਲਾਸ਼ੀ ਦੀ ਕਾਰਰਵਾਈ ਦੇ ਦੌਰਾਨ ਉਹਨਾਂ ਨਾਲ ਸ਼ਰਾਫਤ ਨਾਲ ਪੇਸ਼ ਆਉ, ਨਿਮਰਤਾ ਨਾਲ ਵਰਤਾਉ ਕਰੋ।

6. ਬਜੁਰਗ ਬੰਦਿਆਂ ਅਤੇ ਬੱਚਿਆਂ ਨਾਲ ਹਮਦਰਦੀ ਨਾਲ ਬਰਤਾਉ ਕਰੋ।

7. ਕਿਸੇ ਗਿਰਫਤਾਰ ਕੀਤੇ ਹੋਏ ਅੱਤਵਾਦੀ ਉਪਰ ਉਸੇ ਤਰ੍ਹਾਂ ਨਾਲ ਅੱਖ ਰੱਖੋ, ਜਿਸ ਤਰ੍ਹਾਂ ਨਾਲ ਕਿਸੇ ਹੋਰ ਅਪਰਾਧੀਆਂ ਕਸੂਰਵਾਰ ਪਕੜੇ ਗਏ ਨਾਗਰਿਕ

ਉਪਰ ਰੱਖੀ ਜਾਂਦੀ ਹੈ।

8. ਜਿਸ ਵੇਲੇ ਕੋਈ ਸ਼ਸ਼ਤਰਧਾਰੀ ਅੱਤਵਾਦੀ ਸਾਹਮਣੇ ਆ ਜਾਵੇ, ਪਹਿਲਾਂ ਉਸ ਨੂੰਚੁਣੋਤੀ ਦਿਓ ਅਤੇ ਹਥਿਆਰ ਸ਼ਸ਼ਤਰ ਸੁੱਟ ਕੇ ਆਪਣੇ ਆਪ ਨੂੰਤੁਹਾਡੇ ਹਵਾਲੇ ਕਰਨ ਲਈ ਕਹੋ। ਬਲ ਦਾ ਪ੍ਰਯੋਗ ਸਿਰਫ ਆਪਣੇ ਨਿਜੀ ਬਚਾਉ ਲਈ ਸ਼ੁਰੂ ਕਰਨਾ ਚਾਹੀਦਾ ਹੈ। ਇਹ ਉਸ ਵੇਲੇ ਕਰਨਾ ਚਾਹੀਦਾ ਹੈ ਜਿਸ ਵੇਲੇ ਇਹ ਸ਼ੰਕਾ/ਡਰ ਹੋਵੇ ਕਿ ਤੁਹਾਨੂੰਅਤੇ ਦੂਸਰਿਆਂ ਨੂੰਸੱਟਾਂ ਲੱਗ ਸਕਦੀਆਂ ਹਨ ਜਾਂ ਜਾਨ ਨੂ ਮੌਤ ਦਾ ਖਤਰਾ ਹੋ ਸਕਦਾ ਹੈ।

9. ਪਰਯਾਸ/ਉਪਰਾਲੇ ਕਰਨੇ ਚਾਹੀਦੇ ਹਨ ਕਿ ਸ਼ਹਿਰੀਆਂ ਦੀ ਜਾਨ ਅਤੇ ਮਾਲ ਨੂੰਘੱਟੋ ਘੱਟ ਨੁਕਸਾਨ ਪਹੁੰਚਾਇਆ ਜਾਵੇ ਪੁਲਿਸ ਕਾਰਰਵਾਈ ਕਰਨ ਦੇ ਵੇਲੇ।

## ਨਾ ਕਰਨ ਵਾਲੀਆਂ ਗੱਲਾਂ

1. ਅੱਤਵਾਦੀਆਂ ਦੇ ਖਿਲਾਫ ਨਾਗਰਿਕਾਂ ਨੂੰਢਾਲ ਦੇ ਤੌਰ ਤੇ ਨਹੀਂ ਵਰਤਣਾ ਚਾਹੀਦਾ ਜਦੋਂ ਕਿ ਪੁਲਿਸ ਮੁੱਠਭੇੜ/ਤਲਾਸ਼ੀ ਦੀ ਕਾਰਵਾਈ ਕਰ ਰਹੀ ਹੋਵੇ।

2. ਕਿਸੇ ਪਕੜੇ ਗਏ ਅੱਤਵਾਦੀ ਕੋਲੋਂ ਸੂਚਨਾ ਮਨਵਾਉਣ ਲਈ ਜਾਂ ਇਕੱਠੀ ਕਰਨ ਲਈ ਉਸਨੂੰਸ਼ਰੀਰਕ ਜਾਂ ਮਾਨਸਕ ਤਸੀਹੇ ਨਾ ਦਿੱਤੇ ਜਾਣ।

3. ਅੱਤਵਾਦ ਜਾਂ ਇਹੋ ਜਿਹਾ ਕੋਈ ਹੋਰ ਸ਼ੱਕੀ ਮੁਜਰਮ ਨਜਾਇਜ/ਗੈਰ ਕਾਨੂੰਨੀ ਹਿਰਾਸਤ ਵਿੱਚ ਨਾ ਰਖਿਆ ਜਾਵੇ।

4. ਅੱਤਵਾਦੀ ਘਟਨਾ ਉਪਰ ਪਰਤੀਕਿਰਿਆ ਨਾ ਕਰੋ।

5. ਘਟਨਾ ਥਾਂ ਦੇ ਆਲੇ ਦੁਆਲੇ ਦੇ ਅਸੈਨਿਕ ਨਾਗਰਿਕਾਂ ਨੂੰਸਨਮਾਕ ਸ਼ਬਦ ਤੌਰ ਤੇ ਤੰਗ ਨਹੀਂ ਕਰਨਾ ਚਾਹੀਦਾ।

6. ਜਦੋਂ ਪੁਲਿਸ ਤਲਾਸ਼ੀ ਲਈ ਕਾਰਵਾਈ ਕਰ ਰਹੀਂ ਹੋਵੇ ਜਾਂ ਸੜਕ ਖੋਲ੍ਹਣ ਦੀ ਕਾਰਵਾਈ ਕਰ ਰਹੀ ਹੋਵੇ ਤਾਂ ਉਸ ਦੌਰਾਨ ਆਮ ਜਨਤਾ/ਲੋਕਾਂ ਲੋਕੋ ਖਾਣ ਪੀਣ ਦੀਆਂ ਚੀਜਾਂ ਦੀ ਜਾਂ ਦੂਜੀਆਂ ਸਹੂਲਤਾਂ ਦੀ ਮੰਗ ਨਾ ਕਰੋ।

❖❖❖

Translated by
Shri Rattan Singh

Punjabi:Layout 1 02/11/11 3:26 PM Page 42

**ਰਾਸ਼ਟਰੀ ਮਾਨਵ ਅਧਿਕਾਰ ਕਮਿਸ਼ਨ,**
ਫਰੀਦਕੋਟ ਹਾਊਸ, ਕੌਪਰ ਨਿਕਸ ਮਾਰਗ,
ਨਵੀਂ ਦਿੱਲੀ-110001
Tel.: 011-23385368 Fax: 011-23384863
E-mail: covdnhrc@nic.in Website: www.nhrc.nic.in